
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

ਅਗਸਤ ੧੯੭੬ Aug. 1976



ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼-ਉਤਸਵ ਗੁਰਪੁਰਬ ੨੬ ਅਗਸਤ ਨੂੰ ਮਨਾਇਆ ਜਾ ਰਿਹਾ ਹੈ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ੩/੭੦-੬੮-੨੧ (ਮਿਤੀ-੧੭੧੦-੬੮ ਅ. ਪ.) ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਦਿਲਿ ਮਨ ਦਰ ਫ਼ਰਾਕਿ ਯਾਰ, ਬ-ਸੋਖ਼ਤ (ਫ਼ਾਰਸੀ ਗ਼ਜ਼ਲ) | ਭਾਈ ਨੰਦ ਲਾਲ ਜੀ | ੧ |
| ਬਿਰਹੁ ਭੁਯੰਗਮੁ ਮਨਿ ਬਸੈ (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੨ |
| ਜਮ ਤੇ ਜਮਪੁਰੀ (੪) | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਪਾਖੰਡ ਕਰਮਾਂ ਦਾ ਖੰਡਨ | ,, ,, | ੭ |
| ਗੁਰੂ [ਗੁਰਬਾਣੀ ਦਾ ਨਿਰਣਾ] | ਭਾਈ ਸਾਹਿਬ ਜੋਗਿੰਦਰ ਸਿੰਘ ਜੀ | ੧੨ |
| ਇਹ ਜਗ ਮਿੱਠਾ ਅਗੇ ਕਿਨ੍ਹ ਡਿੱਠਾ ? | ਗਿਆਨੀ ਦੀਦਾਰ ਸਿੰਘ ਜੀ | ੧੪ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ (੧) | ਭਾਈ ਸਾਹਿਬ ਡਾ: ਵੀਰ ਸਿੰਘ ਜੀ | ੧੮ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ (੧) | ,, ,, | ੨੦ |
| ਅੰਮ੍ਰਿਤ ਦੀ ਵਾਰ | ਗਿਆਨੀ ਗੋਪਾਲ ਸਿੰਘ ਜੀ ਮਿੱਤਰ | ੨੧ |
| ਸੁਣ ਕੇ ਸਦ ਮਾਹੀ ਦਾ | ਸਾਰੰਗ ਜੀ, ਕਪੂਰਥਲਾ | ੨੨ |
| ਸਿਨੇਮਾ ਦੀ ਲ ਅਨਤ | ਸ. ਮਨਜੀਤ ਸਿੰਘ ਜੀ | ੨੬ |
| ਖ਼ਾਲਸੇ ਦੀ ਬੇਬਸੀ ਤੇ ਮਜਬੂਰੀ ? | ਵਿਅੰਗ ਵਿਨੋਦੀ ਜੀ | ੨੭ |
| 'ਕੁੱਠਾ' ਦਾ ਅਰਥ ਮਾਸ ਜਾਂ ਹਲਾਲੀ ਮਾਸ ? | ਜੇ. ਪੀ. ਸੰਗਤ ਸਿੰਘ ਜੀ | ੨੯ |
| ਸਿੱਖੀ ਸਰੂਪ ਕਿਵੇਂ ਸੁਰੱਖਿਅਤ ਹੋਵੇ ? | ਡੀ. ਐਸ. ਲਾਇਲਪੁਰੀ | ੩੫ |
| ਕੁਮਾਰਹੱਟੀ ਸਮਾਗਮ ਦੇ ਅਦੁੱਤੀ ਨਜ਼ਾਰੇ | ਸੂਰਾ ਪਰਵਾਰ | ੩੭ |


| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ | ੨੬ ਅਗਸਤ |
| ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ਮਿਲੀ | ੨੭ ਅਗਸਤ |
| ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾਏ | ੨੮ ਅਗਸਤ |

# ਸੂਰਾ ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਸ: ਅਵਤਾਰ ਸਿੰਘ ਜੀ ਡਰਾਫ਼ਟਸਮੈਨ ਫਰਾਕਾ ਵਲੋਂ ... ... | ੫-੦੦ |
| ਸ: ਅਜੀਤ ਸਿੰਘ ਜੀ ਠੱਟਾ ਵਲੋਂ ... ... | ੨-੦੦ |
| ਸ: ਜੋਗਿੰਦਰ ਸਿੰਘ ਜੀ ਰਾਏਪੁਰ ਵਲੋਂ ਆਪਣੇ ਭਾਈ ਹਰਬੰਸ ਸਿੰਘ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ | ੧੧-੦੦ |
| ਬੀਬੀ ਮਹਿੰਦਰ ਕੌਰ ਜੀ ਲੁਧਿਆਣਾ ਵਲੋਂ (ਚੰਦੇ ਸਮੇਤ) ... ... | ੪੬-੦੦ |
| ਭਾਈ ਸੁਦਾਗਰ ਸਿੰਘ ਜੀ ਸਿੰਘਾਪੁਰ ਵਲੋਂ ਦੋ ਪੌਂਡ ... ... | ੩੧-੨੮ |
| ਸ: ਇੰਦਰਜੀਤ ਸਿੰਘ ਜੀ ਮਾਨ (ਮਸਕਟ) ਵਲੋਂ ... ... | ੧੫੦-੦੦ |
| [ਆਪ ਨੇ 'ਸੂਰਾ' ਰਾਹੀਂ ੧੫੦/-ਰੁਪਏ ਪਿੰਗਲਵਾੜਾ ਅੰਮ੍ਰਿਤਸਰ ਨੂੰ ਵੀ ਭੇਜੇ ਹਨ] | |
| ਸ੍ਰੀ ਐਮ. ਐਸ, ਖਰਬੰਦਾ ਪੂਨਾ ਵਲੋਂ ਆਪਣੇ ਪਿਤਾ ਸ: ਇੰਦਰ ਸਿੰਘ ਜੀ ਦੇ ਭੋਗ ਸਮੇਂ ... | ੧੫-੦੦ |

ਵਾਹਿਗੁਰੂ ਸਭ ਪਿਆਰਿਆਂ ਨੂੰ ਨਾਮ ਦਾਨ, ਸਿੱਖੀ ਸਿਦਕ ਅਤੇ ਆਪਣੇ ਚਰਨਾਂ ਦੀ ਪ੍ਰੀਤ ਬਖਸ਼ੇ।


ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨.੮.੭੬ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ 5 1 8 4 7


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ਸਲਾਨਾ ਚੰਦਾ ੮–੦੦
ਪਰਦੇਸ ੧੮–੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦–੭੫


੧ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸੂਰਾ

ਮਾਸਕ ਅੰਮ੍ਰਿਤਸਰ ਪੱਤਰ


**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੦ ਅਗਸਤ ੧੯੭੬ ਅੰਕ ੮


## ਦਿਲਿ ਮਨ ਦਰ ਫ਼ਰਾਕਿ ਯਾਰ, ਬ-ਸੋਖ਼ਤ

ਦਿਲਿ ਮਨ, ਦਰ ਫ਼ਰਾਕਿ ਯਾਰ, ਬ-ਸੋਖ਼ਤ ।
ਜਾਨਿ ਮਨ, ਬਹਰਿ ਆਂ ਨਗਾਰ, ਬ-ਸੋਖ਼ਤ ॥੧॥

ਆਂ ਚੁਨਾਂ ਸੋਖ਼ਤਮ, ਅਜ਼ਾਂ ਆਤਿਸ਼ ।
ਹਰ ਕਿ ਬਿ-ਸੁਨੀਦ, ਚੂੰ ਚਿਨਾਰ ਬ-ਸੋਖ਼ਤ ॥੨॥

ਮਨ ਨ ਤਿਨਹਾ ਬਸੋਖ਼ਤਮ, ਦਰ ਇਸ਼ਕ ।
ਹਮਹ ਆਲਮ, ਅਜ਼ੀਂ ਸ਼ਰਾਰ ਬ-ਸੋਖ਼ਤ ॥੩॥

ਸੋਖ਼ਤਮ ਦਰ ਫ਼ਰਾਕਿ ਆਤਸ਼ਿ ਯਾਰ ।
ਹਮ ਚੁਨੀਂ ਕੀਮੀਆ ਬਕਾਰ ਬ-ਸੋਖ਼ਤ ॥੪॥

ਆਫ਼ਰੀਂ ਬਾਦ, ਬਰ ਦਿਲਿ ਗੋਇਆ ।
ਕਿ ਬਾ ਉਮੀਦਿ ਰੂਏ ਯਾਰ ਬ-ਸੋਖ਼ਤ ॥੫॥

ਪੰਜਾਬੀ ਉਲਥਾ ਵੇਖੋ ਸਫ਼ਾ ੨] [ਭਾਈ ਨੰਦ ਲਾਲ ਜੀ, ਗਜ਼ਲ ੧੩


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ


www.AKJ.Org

# ਬਿਰਹੁ ਭੁਯੰਗਮੁ ਮਨ ਬਸੈ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਅਨੁਵਾਦ]

ਦਿਲ ਤਾਂ ਹਿਜਰ ਸਜਨ ਦੇ ਅੰਦਰ, ਕੋਲੇ ਹੋਇਆ ਸੜ ਕੇ।
ਜਿੰਦ ਵੀ ਨਾਲ ਸਤੀ ਹੈ ਹੋਈ, ਬਿਰ੍ਹੋਂ ਚਿਖਾ ਤੇ ਚੜ੍ਹ ਕੇ ॥੧॥
ਸਾੜਿਆ ਇਸ ਅੱਗ ਐਸਾ ਮੈਨੂੰ, ਮੈਂ ਜੀਊਂਦੀ ਹੀ ਮੋਈ।
ਜਿਸ ਵੀ ਮੇਰਾ ਸੜਨਾ ਸੁਣਿਆ, ਉਹ ਵੀ ਕੋਇਲੇ ਹੋਈ ॥੨॥
ਮੇਰਾ ਦਿਲ ਨਹੀਂ ਬਿਰਹੋਂ-ਅੱਗਵਿਚ, ਸੜਿਆ 'ਕਲਾ ਕਾਰਾ।
ਏਸ ਅੰਗਾਰੇ ਅੰਦਰ ਸੜਿਆ, ਬਚਿਆ ਨਹੀਂ ਜੱਗ ਸਾਰਾ ॥੩॥
ਇਹ ਦਿਲ ਮੇਰਾ ਅੱਗ-ਹਿਜਰ ਵਿਚ, ਪਲ ਪਲ ਐਸਾ ਸੜਿਆ।
ਜਿਵੇਂ ਰਸਾਇਣ ਸ਼ੁੱਧੀ ਖ਼ਾਤਰ, ਮੁੜ ਮੁੜ ਅੱਗ ਤੇ ਚੜ੍ਹਿਆ ॥੪॥
ਅਸ਼ਕੇ ਕਹੁ 'ਗੋਇਆ' ਦੇ ਦਿਲ ਨੂੰ, ਜੋ ਹੱਸ ਸਦਕੇ ਹੋਇਆ।
ਦੀਦ ਸਜਨ ਦੀ ਖ਼ਾਤਰ ਸੜਿਆ, ਤਾਂਘਾਂ ਅੰਦਰ ਮੋਇਆ ॥੫॥

[ਸ: ਵਿਧਾਤਾ ਸਿੰਘ ਜੀ ਤੀਰ

---

# ਫ਼ਾਰਸੀ ਗ਼ਜ਼ਲ ਦੇ ਔਖੇ ਪਦਾਂ ਦੇ ਅਰਥ

ਦਿਲਿ ਮਨ–ਮੇਰਾ ਦਿਲ। ਦਰ ਫ਼ਰਾਕਿ ਯਾਰ–ਪ੍ਰੀਤਮ ਦੇ ਬਿਰਹੋਂ ਵਿਚ। ਬ-ਸੋਖ਼ਤ–ਸੜ ਗਿਆ। ਜਾਨਿ ਮਨ–ਮੇਰੀ ਜਾਨ। ਬਹਰਿ ਆਂ ਨਗਾਰ–ਉਸ ਪ੍ਰੀਤਮ ਲਈ।੧।

ਆਂ ਚੁਨਾਂ–ਏਸ ਤਰ੍ਹਾਂ। ਸੋਖ਼ਤਮ–ਮੈਂ ਸੜਿਆ। ਅਜ਼ਾਂ ਆਤਿਸ਼–ਓਸ ਅੱਗ ਤੋਂ। ਹਰ ਕਿ–ਹਰ ਜਿਸ ਕਿਸੇ ਨੇ। ਬਿ-ਸ਼ੁਨੀਦ–ਸੁਣਿਆ। ਚੂੰ ਚਿਨਾਰ–ਚਨਾਰ ਵਾਂਗ। ਚੂੰ ਚਿਨਾਰ ਬ-ਸੋਖ਼ਤ–ਚਿਨਾਰ ਵਾਂਗ ਧੁਖ ਉਠਿਆ।੨।

ਮਨ–ਮੈਂ। ਤਿਨਹਾ–ਇਕੱਲਾ। ਬਸੋਖ਼ਤਮ–ਮੈਂ ਸੜਿਆ। ਦਰ ਇਸ਼ਕ–ਪ੍ਰੇਮ ਵਿਚ। ਹਮਹ ਆਲਮ–ਸਾਰਾ ਜਹਾਨ। ਅਜ਼ੀਂ ਸ਼ਰਾਰ–ਇਸ (ਪ੍ਰੇਮ-) ਚੰਗਿਆੜੀ ਤੋਂ। ਬ-ਸੋਖ਼ਤ–ਸੜ ਗਿਆ, ਸੜ ਉਠਿਆ।੩।

ਸੋਖ਼ਤਮ ਦਰ ਫ਼ਰਾਕਿ ਆਤਿਸ਼ ਯਾਰ–ਮੈਂ ਪ੍ਰੀਤਮ ਦੀ ਬਿਰਹੋਂ-ਅਗਨੀ ਵਿਚ (ਇਸ ਤਰ੍ਹਾਂ) ਸੜ ਗਿਆ। ਹਮ ਚੁਨੀਂ ਕੀਮੀਆ–ਰਸਾਇਣ ਵਾਂਗ, ਜਿਵੇਂ ਰਸਾਇਣ। ਬਕਾਰ–ਕੰਮ ਲਈ, ਸੁਧ ਹੋਣ ਲਈ।੪।

ਆਫ਼ਰੀਂ ਬਾਦ–ਸ਼ਾਬਾਸ਼ ਹੋਵੇ, ਅਸ਼ਕੇ ਹੋਵੇ। ਬਰ ਦਿਲਿ ਗੋਇਆ–ਗੋਇਆ ਦੇ ਦਿਲ ਉਤੋਂ। ਕਿ–ਜਿਹੜਾ ਕਿ। ਬਾ ਉਮੀਦਿ ਰੂਏ ਯਾਰ–ਪ੍ਰੀਤਮ ਦੇ ਮੁਖੜੇ (ਦੇ ਦਰਸ਼ਨਾਂ) ਦੀ ਆਸ ਵਿਚ। ਬ-ਸੋਖ਼ਤ-ਸੜਿਆ ਹੈ।੫।

**ਭਾਵ**–ਇਸ ਗ਼ਜ਼ਲ ਦਾ ਭਾਵ ਕਬੀਰ ਜੀ ਦੇ ਇਸ ਸਲੋਕ ਨਾਲ ਕੁਝ ਰਲਦਾ ਮਿਲਦਾ ਹੈ–

ਕਬੀਰ ਬਿਰਹੁ ਭੁਯੰਗਮੁ ਮਨ ਬਸੈ, ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ ਨਾ ਜੀਐ, ਜੀਐ ਤ ਬਉਰਾ ਹੋਇ ॥੭੬॥



www.AKJ.Org

# ਜਮ ਤੇ ਜਮਪੁਰੀ (੪)

[ਵਲੋਂ:—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

'ਜਮ-ਕਾਲ' ਦਾ ਅਰਥ ਬਹੁਤ ਸਾਰੇ ਉਘੇ ਗਿਆਨੀ 'ਮੌਤ ਦੀ ਫਾਸ' ਹੀ ਕਰਦੇ ਹਨ। ਉਹਨਾਂ ਦੇ ਖ਼ਿਆਲ ਵਿਚ ਮੌਤ ਤੋਂ ਬਿਨਾਂ ਹੋਰ ਕੋਈ ਜਮਦੂਤ ਨਹੀਂ। ਇਹ ਉਹਨਾਂ ਦੀ ਮਹਾਂ ਭੁਲ ਹੈ। ਗੁਰਬਾਣੀ ਅੰਦਰ 'ਜਮ' ਦੀ ਹੋਂਦ ਵਖਰੀ ਹੈ, ਜੋ ਅਗਲੇ ਲੋਕ ਵਿਚ ਸਾਡੀਆਂ ਨਜ਼ਰਾਂ ਤੇ ਓਹਲੇ ਅਦਿਸ਼ਟ ਹੀ ਰਹਿੰਦੀ ਹੈ। ਹਾਂ ਮਰਨ ਸਮੇਂ ਮਰਨਹਾਰੇ ਪ੍ਰਾਣੀ ਨੂੰ ਜਮ ਲੋਕ ਯਾ ਧਰਮਰਾਇ ਪਾਸ ਲੈ ਜਾਣ ਨੂੰ ਆਉਂਦੀ, ਮਰਨ ਵਾਲੇ ਪ੍ਰਾਣੀ ਨੂੰ ਨਜ਼ਰ ਆਉਂਦੀ ਹੈ, ਦੂਜਿਆਂ ਨੂੰ ਨਹੀਂ ਦੀਹਦੀ। ਕੇਵਲ ਮੌਤ ਨੂੰ ਜਮ ਸਮਝ ਲੈਣਾ—ਗੁਰਮਤਿ ਅਗਿਆਨੀ ਦਾ ਕੰਮ ਹੈ। ਗੁਰਮਤਿ ਗਿਆਨੀਆਂ ਨੂੰ ਗੁਰਬਾਣੀ ਦੇ ਤੱਤ ਭਾਵ ਦੀ ਸੂਝ ਆਉਂਦੀ ਹੈ। ਓਹੀ ਅਸਲੀ ਅਰਥ ਜਮ ਦੇ ਸਮਝ ਸਕਦੇ ਹਨ। ਗੁਰਵਾਕ ਸਾਫ਼ ਦਸਦੇ ਹਨ ਕਿ ਜਮ ਦਾ ਵਜੂਦ ਭੀ ਹੈ ਅਤੇ ਜਮ ਦਾ ਪੰਥ (ਮਾਰਗ) ਭੀ ਹੈ। ਯਥਾ ਗੁਰਵਾਕ :—

ਮਹਾ ਬਿਖਮੁ ਜਮ ਪੰਥੁ ਦੁਹੇਲਾ
ਕਾਲੂਖਤ ਮੋਹ ਅੰਧਿਆਰਾ॥

[ਆਸਾ ਮ: ੫, ਪੰਨਾ ੪੪੩

ਜਮ ਦੇ ਅਰਥ ਜੇ ਮੌਤ ਲਏ ਜਾਣ ਤਾਂ ਦਸੋ ਮੌਤ ਦਾ ਰਸਤਾ (ਮਾਰਗ) ਕਿਹੜਾ ਹੋਇਆ? ਮੌਤ ਆਈ ਪਿਛੋਂ, ਅਰਥਾਤ ਮਰਨ ਪਿਛੋਂ ਜਿਸ ਮਾਰਗ ਵਿਚ ਦੀ ਪਾਂਧੀ ਜੀਵ ਨੂੰ ਲੰਘਣਾ ਪਊ, ਉਹ ਮਾਰਗ ਜਮ-ਮਾਰਗ ਜਾਂ ਜਮ-ਪੰਥ ਹੈ, ਜੋ ਬੜਾ ਹੀ ਔਖਾ ਹੈ, ਜਿਥੇ ਕਾਲੀ ਬੋਲੀ ਰਾਤ ਵਰਗਾ ਅੰਧੇਰਾ ਹੈ। ਏਥੇ ਦੀ ਲੰਘਣਾ ਪਊ ਜੀਵ ਨੂੰ। ਇਹ ਰਸਤਾ ਬੜਾ ਹੀ ਦੁਹੇਲਾ ਬਿਕਟ ਦੁਖਾਂ ਦਾ ਭਰਿਆ ਹੈ।

ਅਗਲੇ ਗੁਰ ਪ੍ਰਮਾਣ ਵਿਖੇ ਮੌਤ ਤੇ ਜਮ ਦਾ ਵਖੋ ਵਖ ਵਿਤਕਰਾ ਇਕੋ ਹੀ ਗੁਰਵਾਕ ਪੰਗਤੀ ਵਿਚ ਹੈ। ਜਿਸ ਤੋਂ ਸਾਫ਼ ਸਪੱਸ਼ਟ ਸਿਧ ਹੁੰਦਾ ਹੈ ਕਿ ਮੌਤ ਵੱਖਰੀ ਚੀਜ਼ ਹੈ ਅਤੇ ਜਮ ਦਾ ਵਜੂਦ ਵਖਰਾ ਹੈ। ਯਥਾ ਗੁਰਵਾਕ :—

ਜਗਿ ਮਰਣੁ ਨ ਭਾਇਆ ਨਿਤਿ ਆਪੁ
ਲੁਕਾਇਆ ਮਤੁ ਜਮੁ ਪਕਰੈ ਲੈ ਜਾਇ ਜੀਉ॥

[ਆਸਾ ਮ: ੫, ਪੰਨਾ ੪੪੭

ਭਾਵ—ਸੰਸਾਰੀ ਪੁਰਸ਼ਾਂ ਨੂੰ ਮਰਨ ਏਸ ਕਰਕੇ ਨਹੀਂ ਭਾਉਂਦਾ ਕਿ ਉਹਨਾਂ ਨੂੰ ਏਸ ਗੱਲ ਦਾ ਬਹੁਤ ਡਰ ਹੁੰਦਾ ਹੈ ਕਿ ਮੌਤ ਸਮੇਂ ਜਮ ਉਹਨਾਂ ਨੂੰ ਫੜ ਕੇ ਲੈ ਜਾਂਦਾ ਹੈ। ਤਾਂਤੇ ਜਮ ਹੋਰ ਹੈ ਤੇ ਮੌਤ ਹੋਰ ਹੈ। ਜਮ ਦਾ ਸੀਗਾ ਤਾਂ ਮੌਤ ਪਿਛੋਂ ਜੀਵ ਨੂੰ ਫੜ ਕੇ ਲੈ ਜਾਣ ਦਾ ਹੁੰਦਾ ਹੈ। ਤਾਂਤੇ ਮੌਤ ਨੂੰ ਹੀ ਜਮ ਆਖਣਾ ਬੜੀ ਅਗਿਆਨਤਾ ਹੈ। ਕਿਥੇ ਕਿਥੇ ਜਮ ਦਾ ਅਰਥ ਖਿੱਚ ਪਾੜ ਕੇ ਮੌਤ ਦਾ ਕੀਤਾ ਜਾਵੇਗਾ? ਹੇਠਲਾ ਗੁਰਵਾਕ ਵੀਚਾਰੋ :—

ਜੋ ਹਰਿ ਹਰਿ ਨਾਮੁ ਧਿਆਇਦੇ
ਤਿਨ੍ ਜਮੁ ਨੇੜਿ ਨ ਆਵੈ॥

[ਆਸਾ ਮ: ੪ ਛੰਤ, ਪੰਨਾ ੪੫੮

ਸਰੀਰ ਕਰਕੇ ਚਲਾਣਾ (ਜਿਸ ਨੂੰ ਆਮ ਫ਼ਹਿਮ ਲਫ਼ਜ਼ਾਂ ਵਿਚ ਮੌਤ ਕਿਹਾ ਜਾਂਦਾ ਹੈ) ਤਾਂ ਨਾਮ ਧਿਆਵਨਹਾਰਿਆਂ ਦਾ ਭੀ ਹੋਵੇਗਾ, ਪਰ ਨਾਮ ਧਿਆਵਨਹਾਰਿਆਂ ਦੇ ਨੇੜੇ ਜਮ ਨਹੀਂ ਜਾ ਸਕਦਾ। ਕੀ ਉਪਰਲੇ ਗੁਰਵਾਕ ਦਾ ਇਹ ਅਰਥ ਲਾਉਣਾ ਖਿਚ-ਪਾੜ ਨਹੀਂ ਕਿ ਜੋ ਨਾਮ ਧਿਆਉਂਦੇ ਹਨ ਤਿਨ੍ਹਾਂ ਦੇ ਨੇੜੇ ਮੌਤ ਨਹੀਂ ਆਉਂਦੀ? ਮੌਤ ਤਾਂ ਸਭ ਦੇ ਸਿਰ ਤੇ ਹੈ, ਪਰ ਨਾਮ ਧਿਆਉਣਹਾਰਿਆਂ ਨੂੰ ਜਮ ਨਹੀਂ ਸਤਾਉਂਦਾ, ਨੇੜੇ ਹੀ ਨਹੀਂ ਆਉਂਦਾ। 'ਜਮ' ਦੀ ਹੋਂਦ ਤੋਂ ਮੁਨਕਰ ਹੋਣਾ, ਖਿਚੋਤਾਣ ਕਰਕੇ ਇਉਂ ਅਸਲ ਭਾਵ-ਵਿਹੂਣੀਏ ਅਰਥ ਕਰਨਗੇ ਕਿ ਏਥੇ ਮੌਤ—ਦੁਖ ਤੋਂ ਮੁਰਾਦ ਹੈ ਜਾਂ ਇਉਂ ਕਰਨਗੇ ਕਿ ਨਾਮ ਧਿਆਵਣਹਾਰਿਆਂ ਦੇ ਨੇੜੇ ਮੌਤ ਦਾ ਦੁਖ ਨਹੀਂ ਆਉਂਦਾ। ਮੌਤ ਤਾਂ ਆਉਣੀ ਉਹਨਾਂ ਨੂੰ ਹਾਰ ਕੇ ਮੰਨਣੀ ਪਊ। ਪਰ ਅਸੀਂ ਹੈਰਾਨ ਹਾਂ ਕਿ



www.AKJ.Org

ਕਿਹੜੇ ਕੋਸ਼ ਦੁਆਰਾ ਉਹ ਜਮ ਦੇ ਅਰਥ ਮੌਤ ਦਾ ਭੈ ਯਾ ਮੌਤ ਦਾ ਦੁਖ ਕਰਨਗੇ। ਇਹ ਮਹਿਜ਼ ਖਿਚੋਤਾਣ ਹੈ।

ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮ ਸਾਸ ਹਿਰੇ ॥

[ਆਸਾ ਮ: ੪—ਪੰਨਾ ੪੫੨

ਏਥੇ ਭੀ 'ਜਮ' ਦੇ ਅਰਥ ਮੌਤ ਦੇ ਨਹੀਂ ਬਣ ਸਕਦੇ, ਕਿਉਂਕਿ ਸਾਸ ਹਿਰਨ ਵਾਲੀ ਮੌਤ ਮੁਜੱਸਮ ਨਹੀਂ ਹੋ ਸਕਦੀ। ਮੌਤ ਦਾ ਫ਼ਰਿਸ਼ਤਾ ਯਾ ਜਮਦੂਤ ਹੀ ਹੋ ਸਕਦਾ ਹੈ।

ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥
ਭੇਟਤ ਸਾਧੂ ਸੰਗ ਜਮਪੁਰਿ ਨਹ ਜਾਈਐ ॥

[ਆਸਾ ਮ: ੫—ਪੰਨਾ ੪੫੬

ਕੀ ਏਥੇ ਭੀ ਖਿਚੋਤਾਣ ਕਰਨ ਵਾਲੇ ਅਗਿਆਨੀ 'ਜਮਪੁਰਿ' ਦੇ ਅਰਥ ਮੌਤ-ਪੁਰੀ ਲਾਉਣਗੇ ? ਕੀ ਮੌਤ-ਪੁਰੀ ਭੀ ਅਗਾਂਹ ਕੋਈ ਅਸਥਾਨ ਹੈ ? ਜਮਪੁਰੀ ਨਹੀਂ ਮੰਨਣੀ, ਪਰ ਮੌਤ-ਪੁਰੀ ਮੰਨ ਲੈਣ ਵਿਚ ਕੋਈ ਦਰੇਗ ਨਹੀਂ ਕਰਨਾ, ਇਹ ਅਜ ਕਲ ਦੇ ਗਿਆਨ-ਅਗਿਆਨੀਆਂ ਦੀ ਮੱਤ ਕੁਮੱਤ ਹੈ। ਅਗਲੇ ਗੁਰ ਪਰਮਾਣ ਅੰਦਰ ਇਕੋ ਪੰਗਤੀ ਵਿਚ ਜਮ ਤੇ ਕਾਲ ਵਖੋ ਵਖਰੇ ਆਪੋ ਆਪਣੇ ਅਰਥ ਰਖਦੇ ਹਨ। ਯਥਾ ਗੁਰਵਾਕ—

ਤਨੁ ਭਸਮ ਢੇਰੀ ਜਮਹਿ ਹੇਰੀ
ਕਾਲਿ ਬਪੜੇ ਜਿਤੀਆ ॥

[ਆਸਾ ਮ: ੫, ਪੰਨਾ ੪੬੦

ਏਥੇ ਸਾਫ਼ ਜਮ ਤਾਂ ਭਸਮ ਢੇਰੀ ਨੂੰ ਹੇਰਨਹਾਰਾ ਹੈ (ਅਰਥਾਤ ਦੇਖਣਹਾਰਾ ਹੈ) ਅਤੇ ਕਾਲ ਤਨ ਦੀ ਢੇਰੀ ਬਣਾਵਣਹਾਰਾ ਹੈ। ਤਾਂ ਤੇ 'ਜਮ' ਤਾਂ ਜਮ ਹੀ ਹੈ ਅਤੇ 'ਕਾਲ' ਕਾਲ ਹੀ ਹੈ। ਤਾਂ ਤੇ ਜਮ ਕਦਾਚਿਤ ਕਾਲ ਦੇ ਅਰਥਾਂ ਦੇ ਥਾਉਂ ਨਹੀਂ ਪੁਜ ਸਕਦਾ।

ਪਾਪਾ ਕਮਾਣੇ ਛਡਹਿ ਨਾਹੀ
ਲੈ ਚਲੇ ਘਤਿ ਗਲਾਵਿਆ ॥

[ਆਸਾ ਮ: ੫, ਪੰਨਾ ੪੬੦

ਭਾਵ, ਪਾਪ ਕਮਾਵਣਹਾਰੇ ਜੀਵ ਨੂੰ ਜਮ ਛਡਦੇ ਨਹੀਂ। ਗਲ ਗਲਾਵਾ ਦੇ ਕੇ, ਗਲੋਂ ਫੜ ਕੇ ਲੈ ਜਾਂਦੇ ਹਨ। ਇਸ ਪ੍ਰਕਾਰ ਅਨੇਕਾਂ ਗੁਰਵਾਕ ਹਨ ਜਿਨ੍ਹਾਂ ਦੁਆਰਾ 'ਜਮ' ਦੀ ਹੋਂਦ 'ਕਾਲ' ਤੋਂ ਨਿਆਰੀ ਸਿਧ ਹੁੰਦੀ ਹੈ।

ਸਤਸੰਗਤਿ ਗੁਰ ਕੀ ਹਰਿ ਪਿਆਰੀ ਜਿਨ
ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥
ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ ਤੇ
ਭਾਗਹੀਣ ਪਾਪੀ ਜਮਿ ਖਾਇਆ ॥

[ਗੂਜਰੀ ਮ: ੪, ਪੰਨਾ ੪੯੪

ਗੁਰੂ ਘਰ ਦੇ ਗੁਰਮੁਖਾਂ ਦੀ ਸੰਗਤਿ-ਹੀਣਿਆਂ ਕੁਸੰਗੀਆਂ ਨੂੰ ਹੀ ਜਮ ਖਾਂਦਾ ਹੈ। ਸਤਿਸੰਗੀਆਂ, ਨਾਮ-ਜਪਣਹਾਰਿਆਂ ਗੁਰਮੁਖਾਂ ਦੇ ਜਮ ਨੇੜੇ ਨਹੀਂ ਜਾਂਦਾ।

ਦੇਸੁ ਕਮਾਵਨ ਧਨ ਜੋਰਨ ਕੀ ਮਨਸਾ, ਬੀਚੇ
ਨਿਕਸੇ ਸਾਸ ॥ ਲਸਕਰ ਨੇਬ ਖਵਾਸ ਸਭ
ਤਿਆਗੇ ਜਮ ਪੁਰਿ ਊਠਿ ਸਿਧਾਸ ॥......
ਸਹਜ ਸੁਭਾਇ ਭਏ ਕਿਰਪਾਲਾ ਤਿਸੁ ਜਨ
ਕੀ ਕਾਟੀ ਫਾਸ ॥ ਕਹੁ ਨਾਨਕ ਗੁਰ ਪੂਰਾ
ਭੇਟਿਆ ਪਰਵਾਣੁ ਗਿਰਸਤ ਉਦਾਸ ॥

[ਗੂਜਰੀ ਮ: ੫, ਪੰਨਾ ੪੯੬

ਦੇਸ ਪ੍ਰਾਪਤਿ ਕਰਨ ਅਤੇ ਦੌਲਤ ਇਕੱਠੀ ਕਰਨ ਦੀ ਲਾਲਸਾ ਵਿਖੇ ਹੀ ਲੋਭ-ਲਹਿਰ-ਗ੍ਰਸੇ ਮਾਇਆ-ਧਾਰੀ ਮਨੁਖ ਦੇ ਪ੍ਰਾਣ ਨਿਕਲ ਜਾਂਦੇ ਹਨ। ਲਸ਼ਕਰਾਂ ਅਤੇ ਆਪਣੇ ਅਹਿਲਕਾਰਾਂ ਨੌਕਰਾਂ ਨੂੰ ਏਥੇ ਹੀ ਛੱਡ ਜਾਂਦਾ ਹੈ। ਜਿਨ੍ਹਾਂ ਉਤੇ ਮਾਣ ਕਰਦਾ ਸੀ ਉਹ ਮੌਤ ਸਮੇਂ ਉਸ ਦੀ ਕੁਛ ਭੀ ਸਹਾਇਤਾ ਨਹੀਂ ਕਰ ਸਕਦੇ। ਇਕੇਲਾ ਹੀ ਜਮਪੁਰੀ ਨੂੰ ਜਾ ਸਿਧਾਉਂਦਾ ਹੈ। ਜਮਪੁਰੀ ਨੂੰ ਬੰਨ੍ਹ ਕੇ ਲਿਜਾਇਆ ਜਾਂਦਾ ਹੈ। ਜਮਾਂ ਦਾ ਬਧਾ ਹੋਇਆ ਜਿਉਂ ਜਿਉਂ ਮਾਇਆ ਬਹੁਤੀ ਜੋੜਦਾ ਹੈ, ਤਿਉਂ ਤਿਉਂ ਉਸ ਦੀ ਲਾਲਸਾ ਮਾਇਆ ਜੋੜਨ ਦੀ ਹੋਰ ਵਧਦੀ ਜਾਂਦੀ ਹੈ। ਚਾਹੇ ਕਿਤਨੀਆਂ ਭਾਰੀਆਂ ਸਿਕਦਾਰੀਆਂ ਮੁਲਕਗੀਰੀਆਂ ਕਰ ਲਵੇ, ਫੇਰ ਭੀ ਤ੍ਰਿਸ਼ਨਾ ਉਸ ਦੀ ਹੋਰ ਤੇ ਹੋਰ ਵਧਦੀ ਜਾਂਦੀ ਹੈ। ਹੋਰ ਤੇ ਹੋਰ ਮੁਲਕ ਦੇਸਾਂ ਤੇ ਕਬਜ਼ਾ ਕਰਨ ਨੂੰ ਉਸ ਦੀ ਤਮੰਨਾ ਬਹੁਤੀ ਤੋਂ ਬਹੁਤੀ



www.AKJ.Org

ਹੁੰਦੀ ਜਾਂਦੀ ਹੈ। ਉਦੋਂ ਹੀ ਪਤਾ ਲਗਦਾ ਹੈ ਜਦੋਂ ਉਹ ਮਰ ਜਾਂਦਾ ਹੈ। ਸਾਰੀਆਂ ਕੂੜ ਦੀਆਂ ਆਸਾਂ ਉਸ ਦੀਆਂ ਵਿਚੇ ਹੀ ਰਹਿ ਜਾਂਦੀਆਂ ਹਨ। ਏਤਨਾ ਕੁਛ ਖਪ ਖਪ ਕੇ ਕਬਜ਼ਾਉਣ ਦਾ ਨਤੀਜਾ ਕੀ ਨਿਕਲਦਾ ਹੈ ਕਿ ਬਸ, ਜਮ ਉਸ ਨੂੰ ਜਮਪੁਰੀ ਵਿਚ ਲੈ ਜਾਂਦੇ ਹਨ। ਉਥੇ ਚਿਰੰਕਾਲ ਤਾਈਂ ਦੁਖ ਭੋਗਦਾ ਹੈ। ਜਿਨ੍ਹਾਂ ਵਡਭਾਗਿਆਂ ਨੇ ਸਤਿਗੁਰੂ ਪੂਰਾ ਭੇਟ ਕੇ, ਪੂਰੀ ਗੁਰੂ-ਦੀਖਸ਼ਾਈ ਨਾਮ ਅਭਿਆਸ ਜੁਗਤੀ ਅਨੁਸਾਰ, ਸਿਮਰਨ ਕਮਾਈਆਂ ਕਰ ਕੇ ਪ੍ਰਵਾਨ-ਗ੍ਰਿਹਸਤ ਉਦਾਸ ਪ੍ਰਦਵੀ ਪਾਈ ਹੋਈ ਹੁੰਦੀ ਹੈ, ਉਹਨਾਂ ਤੇ ਕਿਰਪਾਲੂ ਨਦਰਾਲੂ ਪਿਤਾ ਸਹਿਜ ਸੁਭਾਇ ਦਇਆਲੂ ਹੋ ਕੇ ਨਦਰੀ ਨਦਰਿ ਨਿਹਾਲ ਕਰ ਦਿੰਦਾ ਹੈ। ਤਿਨ੍ਹਾਂ ਦੀ ਜਮ ਦੀ ਫਾਸ ਵਾਲੀ ਰੇਖਾ ਕੱਟੀ ਜਾਂਦੀ ਹੈ। ਨਹੀਂ ਤਾਂ ਸਭ ਨੂੰ ਜਮ ਦੀ ਫਾਸ ਵਿਚ ਫਸਣਾ ਹੀ ਪੈਂਦਾ ਹੈ ਅਗੇ ਜਾ ਕੇ।

ਮਨ ਚਰਣਾਰ-ਬਿੰਦ ਉਪਾਸ॥ ਕਲਿ ਕਲੇਸ
ਮਿਟੰਤ ਸਿਮਰਣਿ ਕਾਟਿ ਜਮਦੂਤ ਫਾਸ॥
[ਗੂਜਰੀ ਮ: ੫, ਪੰਨਾ ੫੦੨

ਵਾਹਿਗੁਰੂ ਦੇ ਚਰਨ ਕਮਲਾਂ ਦੀ ਉਪਾਸ਼ਨਾ ਕੀਤੀਆਂ ਅਤੇ ਸਿਮਰਨ ਵਿਚ ਲਿਵਲੀਨ ਹੋਇਆਂ, ਸਾਰੇ ਕਲ ਕਲੇਸ਼ ਮਿਟ ਜਾਂਦੇ ਹਨ ਕਲੀਕਾਲ ਦੇ, ਅਤੇ ਜਮਦੂਤਾਂ ਦੀ ਫਾਸੀ ਕੱਟੀ ਜਾਂਦੀ ਹੈ।

ਤਾ ਕਉ ਕਾਲੁ ਨਾਹੀ ਜਮੁ ਜੋਹੈ
ਬੂਝਹਿ ਅੰਤਰਿ ਸਬਦੁ ਵੀਚਾਰ॥
[ਗੂਜਰੀ ਮ: ੧, ਪੰਨਾ ੫੦੪

ਤਿਸ ਪੁਰਖ ਨੂੰ ਨਾ ਤਾਂ ਕਾਲ, ਨਾ ਹੀ ਜਮ ਜੋਹ ਸਕਦਾ ਹੈ, ਜਿਸ ਦੇ ਅੰਤਰ-ਆਤਮੇ ਨਾਮ-ਅਭਿਆਸ ਦੀ ਲਿਵਤਾਰ ਪ੍ਰੋਤੀ ਹੋਈ ਹੁੰਦੀ ਹੈ।

ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ
ਕੀ॥ ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ
ਨਾ ਜਮ ਕਾਣਿ ਨ ਜਮ ਕੀ ਬਾਕੀ॥
[ਗੂਜਰੀ ਮ: ੧, ਪੰਨਾ ੫੦੫

ਸਤਿਗੁਰੂ ਦੀ ਕਿਰਪਾ ਦੇ ਪਰਤਾਪ ਕਰਿ ਐਸੀ ਪ੍ਰਮਾਤਮਾ ਦੀ ਭਗਤੀ ਅੰਦਰ ਘਰ ਕਰ ਗਈ ਹੈ ਕਿ ਗੁਰਮਤਿ ਨਾਮ ਗੁਰਮੰਤਰ ਦੀ ਅਭਿਆਸ-ਕਮਾਈ ਕਰਦਿਆਂ, ਵਾਹਿਗੁਰੂ ਪਾਰਸ ਰੂਪ, ਜੋਤਿ ਵਿਗਾਸ ਰੂਪ, ਹਿਰਦੇ ਅੰਦਰ ਵਸ ਗਇਆ ਹੈ। ਬਸ, ਫੇਰ ਨਾ ਜਮ ਦੀ ਕਾਣ ਕਨੌਡ ਹੀ ਕੋਈ ਰਹਿੰਦੀ ਹੈ ਅਤੇ ਨਾ ਹੀ ਬਾਕੀ ਰਹਿੰਦੀ ਹੈ। ਧਰਮ ਰਾਇ ਦਾ ਲੇਖਾ ਹੀ ਸਭ ਮੁਕ ਜਾਂਦਾ ਹੈ।

ਨਾਚੁ ਰੇ ਮਨ ਗੁਰ ਕੈ ਆਗੈ॥ ਗੁਰ ਕੈ
ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ
ਭਉ ਭਾਗੈ॥ [ਗੂਜਰੀ ਮ: ੩, ਪੰਨਾ ੫੦੬
ਹਰਿ ਨਾਮੁ ਨ ਪਾਇਆ ਜਨਮੁ ਬਿਰਥਾ
ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ॥
[ਗੂਜਰੀ ਮਹਲਾ ੩, ਪੰਨਾ ੫੦੯

ਪਹਿਲਾ ਗੁਰਵਾਕ ਤਾਂ ਨਿਸਚਾ ਕਰਾਉਂਦਾ ਹੈ ਕਿ ਜੋ ਜਨ ਆਪਣੇ ਮਨ ਨੂੰ ਐਸਾ ਵਸਗਤਿ ਕਰਦਾ ਹੈ ਕਿ ਉਹ ਗੁਰੂ-ਆਗਿਆ ਤੋਂ ਉਲਟ ਕਦੇ ਚਲਦਾ ਹੀ ਨਹੀਂ, ਸਦਾ ਗੁਰੂ-ਵਾਕ ਆਗਿਆਕਾਰੀ ਰਹਿੰਦਾ ਹੈ, ਗੁਰੂ ਕੇ ਭਾਣੇ ਅੰਦਰ ਲਿਵ ਪਰਾਇਣ ਰਹਿ ਕੇ ਨਾਮ ਅਭਿਆਸ ਵਿਚ ਖੀਵਾ ਹੋ ਕੇ ਜੁਟਿਆ ਰਹਿੰਦਾ ਹੈ। ਉਸ ਨੂੰ ਐਥੇ ਉਥੇ ਸਚੇ ਆਤਮ ਸੁਖ ਦੀ ਪ੍ਰਾਪਤੀ ਹੁੰਦੀ ਹੈ। ਉਹ ਅਗੇ ਜਾ ਕੇ ਅਨੰਦ ਨਾਲ ਹਰਿ ਸਿਉਂ ਕੇਲ ਕਰਦਾ ਹੈ। ਉਸ ਦਾ ਜਮ-ਭਉ ਸਭ ਨਸ ਜਾਂਦਾ ਹੈ। ਅਤੇ ਇਸ ਤੋਂ ਉਲਟ ਦੂਜੇ ਵਾਕ ਅਨੁਸਾਰ ਜਿਨ੍ਹਾਂ ਨੂੰ ਵਾਹਿਗੁਰੂ ਨਾਮ ਦੀ ਪ੍ਰਾਪਤੀ ਗੁਰੂ-ਦੁਆਰਿਓਂ ਨਹੀਂ ਹੁੰਦੀ, ਤਿਨ੍ਹਾਂ ਨੇ ਸਾਰਾ ਜਨਮ ਮਨੁਖਾ ਬਿਰਥਾ ਹੀ ਗਵਾਇਆ। ਉਨ੍ਹਾਂ ਨੂੰ ਅਗੇ ਜਾ ਕੇ ਜਮੂਆ ਮਾਰ ਮਾਰ ਕੇ ਖੁਆਰ ਜ਼ਰੂਰ ਕਰੇਗਾ। ਨਿਸਚੇ ਕਰ ਮੰਨਣਾ ਜੀ।

ਅਗਲਾ ਗੁਰ ਪ੍ਰਮਾਣ ਜਮ ਦੇ ਵਿਸ਼ੇ ਪਰਥਾਇ ਦੇਖੋ ਕੈਸੀ ਨਿਸ਼ਾ ਕਰਦਾ ਹੈ—

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ
॥ ਏਹ ਜਮ ਕੀ ਸਿਰਕਾਰ ਹੈ ਏਨਾ ਉਪਰਿ
ਜਮ ਕਾ ਡੰਡੁ ਕਰਾਰਾ॥ ਮਨਮੁਖ ਜਮ ਮਗਿ
ਪਾਈਅਨਿ੍ ਜਿਨ ਦੂਜਾ ਭਾਉ ਪਿਆਰਾ॥
ਜਮਪੁਰਿ ਬਧੇ ਮਾਰੀਅਨਿ ਕੋ ਸੁਣੈ ਨ
ਪੂਕਾਰਾ॥ ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ
ਮਿਲੈ ਗੁਰਮੁਖਿ ਨਿਸਤਾਰਾ॥
[ਪਉੜੀ ਵਾਰ ਗੂਜਰੀ, ੫੧੩



www.AKJ.Org

ਵਿਆਖਿਆ :–ਮਾਇਆ ਮੋਹ ਪਰੇਤ ਰੂਪ ਹੈ, ਭੂਤ ਰੂਪ, ਜਿੰਨ ਰੂਪ ਹੈ। ਤਥਾ ਏਸ ਤਰ੍ਹਾਂ ਕਾਮ ਭੀ, ਕ੍ਰੋਧ ਭੀ, ਹੰਕਾਰ ਭੀ ਪਰੇਤ ਰੂਪ ਹੈ। ਇਹ ਸਾਰੇ ਕਾਮ ਕ੍ਰੋਧ ਆਦਿਕ ਜਮ ਦੀ ਰਈਅਤ (ਰਿਆਇਆ) ਹੀ ਹਨ। ਇਹਨਾਂ ਸਾਰਿਆਂ ਉੱਪਰ ਜਮ ਦਾ ਕਰਾਰਾ ਡੰਡੁ ਹੈ। ਏਹਨਾਂ ਪੰਜਾਂ ਦੂਤਾਂ ਭੂਤਾਂ ਦੇ ਬਹਿਕਾਏ ਡਹਿਕਾਏ (ਵਰਗਲਾਏ) ਹੋਏ ਜੋ ਜੋ ਨਰ ਆਪਣਾ ਜੀਵਨ ਸੁਆਰ ਬਣਾਉਂਦੇ ਹਨ, ਤਿਨ੍ਹਾਂ ਦੇ ਉਪਰ ਅਗੇ ਜਾ ਕੇ ਜਮ ਦੀ ਮਾਰ ਪੈਂਦੀ ਹੈ। ਕਾਮ ਆਦਿਕ ਪੰਜੇ ਦੂਤ ਮਾਨੋ ਜਮ ਦੇ ਗੁਮਾਸ਼ਤੇ ਛਡੇ ਹੋਏ ਹਨ, ਜੀਵਾਂ ਨੂੰ ਆਪੋ ਆਪਣੇ ਅਧੀਨ ਕਰ ਕੇ ਰਬ ਤੋਂ, ਪਰਮਾਰਥ ਤੋਂ, ਨਾਮ ਤੋਂ, ਸੁਕ੍ਰਿਤ ਕਰਮਾਂ ਤੋਂ ਪ੍ਰਾਣੀਆਂ ਨੂੰ ਉਲਟੇ ਚਲਾਉਣ ਲਈ, ਮੁਨਹਰਫ਼ ਕਰਨ ਲਈ। ਜੋ ਜੋ ਨਰ ਏਹਨਾਂ ਦਾ ਸ਼ਿਕਾਰ ਹੋ ਕੇ ਆਪਣਾ ਸਾਰਾ ਜੀਵਨ ਜਨਮ ਖੀਨ ਖ਼ਰਾਬ ਕਰ ਲੈਂਦੇ ਹਨ, ਤਿਨ੍ਹਾਂ ਦੇ ਸਿਰ ਤੇ ਅਗੇ ਗਇਆਂ ਜਮ ਦੀ ਮਾਰ ਪੈਂਦੀ ਹੈ। ਏਹਨਾਂ ਪੰਜਾਂ ਦਾ ਸ਼ੇਵਾ ਹੀ ਜੀਵਾਂ ਨੂੰ ਗੁਮਰਾਹ ਕਰਨ ਦਾ ਹੈ। ਜੇ ਨਾ ਕਰਨ ਤਾਂ ਇਹ ਭੀ ਜਮ ਦੇ ਡੰਡ ਕਰਾਰੇ ਤੋਂ ਡਰਦੇ ਹਨ। ਮਾਨੋ ਏਹਨਾਂ ਜਮ ਦੇ ਗ਼ੁਲਾਮਾਂ ਪੰਜ ਦੂਤਾਂ ਨੂੰ ਹੁਕਮਨ (ਜਮ ਦੇ ਹੁਕਮ ਅਨੁਸਾਰ) ਇਹ ਸੀਗਾ (ਜੀਵਾਂ ਨੂੰ ਗੁਮਰਾਹ ਕਰਨ ਦਾ) ਇਖ਼ਤਿਆਰ ਕਰਨਾ ਪੈਂਦਾ ਹੈ। ਮਨੁ ਭੀ ਇਹਨਾਂ ਪੰਜਾਂ ਦੂਤਾਂ ਦਾ ਹੀ ਪੁੰਜ ਹੈ। ਜੋ ਮਨ ਦੇ ਅਧੀਨ ਹਨ, ਉਹ ਮਾਨੋ ਪੰਜਾਂ ਦੂਤਾਂ ਭੂਤਾਂ ਦੇ ਹੀ ਅਧੀਨ ਹਨ। ਸੋ ਜੋ ਪ੍ਰਾਣੀ ਏਹਨਾਂ ਪੰਜਾਂ ਦੂਤਾਂ ਦੇ ਅਧੀਨ ਹੋਏ ਵੇ ਹਨ, ਉਹ ਪੱਕੇ ਮਨਮੁਖ ਹਨ। ਸੋ ਇਹ ਸਾਰੇ ਪੰਜਾਂ ਦੂਤਾਂ ਭੂਤਾਂ ਦੇ ਮਾਰੇ ਸ਼ਿਕਾਰੇ ਹੋਏ ਮਨਮੁਖ ਪ੍ਰਾਣੀ ਅਗੇ ਜਾ ਕੇ ਜਮ ਦੇ ਰਸਤੇ ਵਲ ਧਕੇ ਜਾਂਦੇ ਹਨ। ਜਮ ਹੀ ਏਹਨਾਂ ਨੂੰ ਫੜ ਕੇ ਜਮਪੁਰੀ ਨੂੰ ਲੈ ਜਾਂਦੇ ਹਨ। ਦੂਜੇ ਭਾਉ ਵਿਚ ਲਗੇ ਹੋਏ ਸਾਰੇ ਪ੍ਰਾਣੀ ਮਨਮੁਖ ਹਨ। ਸੋ ਸਾਰੇ ਹੀ ਜਮਪੁਰੀ ਜਾ ਸਿਧਾਉਂਦੇ ਹਨ। ਜਮਪੁਰੀ ਵਿਚ ਲੈ ਜਾ ਕੇ ਏਹਨਾਂ ਨੂੰ, ਮੁਸ਼ਕਾਂ ਬਧੀਆਂ ਹੋਈਆਂ ਜੀਵ ਵਿਅਕਤੀਆਂ ਨੂੰ ਬੜੀ ਮਾਰ ਪੈਂਦੀ ਹੈ। ਐਸੀ ਮਾਰ ਪੈਂਦੀ ਹੈ ਕਿ ਉਹ ਰੋਂਦੇ ਕੁਰਲਾਉਂਦੇ ਹਨ। ਉਹਨਾਂ ਦੀ ਪੁਕਾਰ ਕੋਈ ਨਹੀਂ ਸੁਣਦਾ। ਜਿਨ੍ਹਾਂ ਉਤੇ ਵਾਹਿਗੁਰੂ ਕਰਤਾਰ ਦੀ ਕਿਰਪਾ ਹੁੰਦੀ ਹੈ, ਤਿਨ੍ਹਾਂ ਨੂੰ ਮਨੁਖਾ ਜਨਮ ਸਫਲਾਉਣ ਲਈ ਗੁਰੂ ਘਰ ਵਿਚ ਵਾਸਾ ਆ ਮਿਲਦਾ ਹੈ ਅਤੇ ਸਤਿਗੁਰੂ ਦਾ ਭਰਵਾਸਾ ਪ੍ਰਾਪਤ ਹੁੰਦਾ ਹੈ। ਤੇ ਨਰ ਸਤਿਗੁਰੂ ਦੇ ਦੁਆਰਿਓਂ ਵਰੋਸਾਇ ਕੇ ਗੁਰ-ਦੀਖਿਆ ਗੁਰਮੰਤ੍ਰ ਪ੍ਰਾਪਤ ਕਰਿ, ਗੁਰਮੁਖ ਬਣ ਜਾਂਦੇ ਹਨ, ਨਿਗੁਰਿਓਂ ਸਗੁਰੇ ਹੋ ਜਾਂਦੇ ਹਨ। ਮਨਮੁਖੋਂ ਗੁਰ-ਹੁਕਮੀ ਬੰਦੇ ਗੁਰੂ ਕੇ ਸਨਮੁਖ ਸਿਖ, ਹੁਕਮਾਂ ਦੀ ਕਰਾਰੀ ਕਾਰ ਕਮਾਵਣਹਾਰੇ, ਤਤ ਗੁਰਮਤਿ ਨਾਮ ਅਭਿਆਸੀ ਅਨਿੰਨ ਭਗਤ ਵਾਹਿਗੁਰੂ ਦੇ ਸਜ ਜਾਂਦੇ ਹਨ। ਤਿਨ੍ਹਾਂ ਗੁਰਮੁਖਾਂ ਦਾ ਹੀ ਤਤ ਨਿਸਤਾਰਾ ਹੁੰਦਾ ਹੈ। ਉਹ ਜਮ-ਮਗਿ ਪੈਣੇ ਹੀ ਨਹੀਂ ਪਾਉਂਦੇ। ਉਹ ਸਿਧੇ ਨਿਰੰਕਾਰ ਦੇ ਦਰਬਾਰ ਵਿਖੇ ਹੀ ਪੈਧੇ ਜਾਂਦੇ ਹਨ। ਅਗਲੇ ਗੁਰ ਪ੍ਰਮਾਣ ਦਾ ਭਾਵ ਭੀ ਪਿਛਲੇ ਗੁਰਵਾਕ ਦੀ ਪੁਸ਼ਟੀ ਕਰਦਾ ਹੈ–

> ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ ॥ ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥ ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥
>
> [ਸਲੋਕ ਵਾਰ ਗੂਜਰੀ, ਪੰਨਾ ੫੧੬

ਭਾਵ–ਜੋ ਜਨ ਗੁਰੂ ਦੇ ਪੰਨੇ ਪੈ ਕੇ ਸਤਿਗੁਰੂ ਦੇ ਬਣ ਗਏ ਅਤੇ ਜਿਨ੍ਹਾਂ ਨੇ ਸਤਿਗੁਰੂ ਦੇ ਹੁਕਮਾਏ ਹੁਕਮਾਂ ਉਤੇ, ਹੁਕਮਨ ਸਿਰ ਹੁਕਮ ਵਾਹਿਗੁਰੂ ਨਾਮੁ (ਸਤਿਗੁਰੂ ਦ੍ਰਿੜ੍ਹਾਈ ਗੁਰਮੰਤ੍ਰ ਦੀਖਿਆ) ਵਿਖੇ ਚਿਤ ਲਾਇਆ ਹੈ, ਅਰਥਾਤ ਇਕ ਮਨ ਇਕ ਚਿਤ ਹੋ ਕੇ ਨਾਮ ਧਿਆਇਆ ਹੈ, ਤਿਨ੍ਹਾਂ ਨੂੰ ਕਿਸੇ ਗੱਲ ਦੀ ਥੁੜ ਨਹੀਂ ਰਹਿੰਦੀ। ਸਦਾ ਸਭ ਗੱਲੋਂ ਬੇਮੁਥਾਜ ਹੋ ਜਾਂਦੇ ਹਨ। ਤਿਨ੍ਹਾਂ ਨਾਮ-ਰਸ ਭਰਪੂਰ-ਲੀਣਿਆਂ ਨੂੰ ਅਗੇ ਜਾ ਕੇ ਜਮ ਦੀ ਤਲਬ ਨਹੀਂ ਹੁੰਦੀ। ਨਾ ਉਹਨਾਂ ਨੂੰ ਜਮਾਂ ਦੇ ਦਿਤੇ ਦੁਖ ਸਹਿਣੇ ਪੈਂਦੇ ਹਨ, ਜਿਹੜੇ ਕਿ ਮਨਮੁਖ ਨਿਗੁਰੇ ਚੁਰਾਸੀ ਦੇ ਜੀਵ ਅਗੇ ਜਾ ਕੇ ਸਹਿੰਦੇ ਹਨ। ਗੁਰਮੁਖ ਜਨਾਂ ਦਾ ਸਚੇ ਸ਼ਬਦ ਗੁਰਮਤਿ ਨਾਮ ਦੁਆਰਾ ਉਧਾਰ ਨਿਸਤਾਰਾ ਹੋ ਜਾਂਦਾ ਹੈ।

["ਅਣਡਿਠੀ ਦੁਨੀਆ" ਵਿਚੋਂ ਧੰਨਵਾਦ ਸਹਿਤ



www.AKJ.Org

# ਪਾਖੰਡ ਕਰਮਾਂ ਦਾ ਖੰਡਨ

[ਵਲੋਂ :—ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ]

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥ ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥ ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥ ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥ ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥ ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰਬਾਰੁ ॥ ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥ ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥੧੧ [ਆਸਾ ਦੀ ਵਾਰ

ਇਸ ਸਲੋਕ ਅੰਦਰ ਸੰਸਾਰ ਵਿਖੇ ਜੋ ਕੂੜ ਵਰਤਾਰਾ ਵਰਤਿਆ ਉਸ ਦਾ ਵਰਨਣ ਕਰਦੇ ਹਨ ਕਿ ਰਾਜਸੀ ਮੰਡਲ ਅੰਦਰ ਸਾਰੇ ਕੂੜ ਪਾਖੰਡ ਦਾ ਪਹਿਰਾ ਹੋ ਰਿਹਾ ਹੈ। ਕਲਜੁਗ ਦੇ ਰਾਜੇ, ਵਜ਼ੀਰ ਆਦਿਕ ਸਭ ਲੋਭ ਤੇ ਪਾਪ ਦੇ ਗ੍ਰਸੇ ਹੋਏ ਹਨ। ਪਾਪ ਰਾਜ ਦਾ ਕੂੜ ਸਿੱਕੇ ਬਣਾਉਣ ਵਾਲਾ ਸਰਦਾਰ ਹੈ, ਜੋ ਕੂੜ ਘੜ ਘੜ ਕੇ ਪਰਚਲਤ ਕਰਦਾ ਹੈ। ਕਾਮ ਨੇਬੁ ਹੈ, ਜਿਸ ਨਾਲ ਸਲਾਹ ਮਸ਼ਵਰਾ ਕੀਤਾ ਜਾਂਦਾ ਹੈ। ਪਰਜਾ ਭੀ ਅੰਨ੍ਹੀ ਹੈ ਅਤੇ ਗਿਆਨ ਵਿਹੂਣੀ ਹੈ, ਸਮਝ ਤੋਂ ਬਿਨਾਂ ਹੀ ਮੁਰਦੇ ਵਾਂਗਰ ਭਾਰ ਭਰਦੀ ਹੈ, ਅਤੇ ਨਿਖਤੰਮੀ ਵਫ਼ਾਦਾਰੀ ਕਰਦੀ ਹੈ। ਕਲਜੁਗ ਦੇ ਜੋ ਗਿਆਨੀ ਲੋਗ ਹਨ ਉਹ ਰਾਸਾਂ ਵਿਚ ਬੈਠਦੇ ਹਨ ਤੇ ਸਾਜ਼ ਬਜਾਉਂਦੇ ਹਨ, ਤੇ ਸਾਂਗ ਬਣਾ ਬਣਾ ਕੇ ਫੋਕਾ ਸੀਗਾਰ ਬਣਾਉਂਦੇ ਹਨ ਜੋ ਫਜ਼ੂਲ ਕਹਾਣੀਆਂ ਸੁਣਾ ਕੇ ਗਾਉਂਦੇ ਹਨ, ਅਤੇ ਉਚੀ ਉਚੀ ਲੋਕਾਂ ਨੂੰ ਜੋਧਿਆਂ ਦੀਆਂ ਗੱਲਾਂ ਸੁਣਾ ਕੇ ਭਰਮਾਉਂਦੇ ਹਨ। ਪੜ੍ਹੇ ਹੋਏ ਮੂਰਖ ਲੋਕ (ਮੂਰਖ ਪੰਡਤ) ਨਿਰੀਆਂ ਚਲਾਕੀਆਂ ਅਤੇ ਹੁਜਤਾਂ ਹੀ ਛਾਂਟਦੇ ਰਹਿੰਦੇ ਹਨ। ਉਨ੍ਹਾਂ ਦੀ ਰੁਚੀ ਮਾਇਆ ਇਕੱਠੀ ਕਰਨ ਦੀ ਤਰਫ ਹੀ ਜਾਂਦੀ ਹੈ, ਮਾਇਆ ਇਕੱਠੀ ਕਰਨ ਦਾ ਹੀ ਜਤਨ ਹੁੰਦਾ ਹੈ, ਹੋਰ ਕੋਈ ਅਭਿਪਰਾ ਨਹੀਂ ਹੁੰਦਾ। ਅਨੇਕ ਐਸੇ ਪਾਖੰਡੀ ਹਨ ਜੋ ਆਪਣੇ ਆਪ ਨੂੰ ਜਤੀ ਸਦਵਾਉਂਦੇ ਹਨ, ਪਰ ਜਤੀ ਹੋਣ ਦਾ ਅਸਲ ਤਰੀਕਾ ਨਾ ਜਾਨਣ ਕਰਕੇ ਘਰ ਬਾਰ ਹੀ ਛਡ ਬਹਿੰਦੇ ਹਨ, ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਜਤੀ ਬਨਣ ਦੀ ਜੁਗਤ ਗ੍ਰਹਿਸਤ ਅੰਦਰ ਰਹਿ ਕੇ ਹੀ ਬਣ ਆਉਂਦੀ ਹੈ, ਗੁਰਮਤਿ ਅੰਦਰ ਜਤੀ ਬਨਣ ਲਈ ਗ੍ਰਹਿਸਤ ਛਡਣ ਦੀ ਲੋੜ ਨਹੀਂ ਪੈਂਦੀ। ਗੁਰਵਾਕ:—

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥ [ਪ੫੨੨

ਭਾਵ—ਗੁਰੂ ਘਰ ਦੀ ਇਹ ਵਡਿਆਈ ਹੈ ਕਿ ਸਤਿਗੁਰ ਨਾਨਕ ਦਾ ਸਿਖ ਬਣ ਕੇ ਜਤੀ ਬਨਣ ਲਈ ਘਰ ਬਾਰ ਛਡਣ ਦੀ ਲੋੜ ਨਹੀਂ, ਪਰੰਤੂ ਜਤੀ ਬਣਨ ਦੀ ਪੂਰਨ ਜੁਗਤੀ ਇਹ ਹੈ ਕਿ ਗ੍ਰਹਿਸਤ ਵਿਖੇ ਰਹਿ ਕੇ ਗੁਰਮਤਿ ਜਗਿਆਸੂ ਦੀ, ਗ੍ਰਹਿਸਤ ਦੇ ਸਾਰੇ ਗੁਰਮੁਖ ਧਰਮਗ ਕਾਰਜ ਕਰਦਿਆਂ ਹੀ ਮੁਕਤੀ ਹੋ ਜਾਂਦੀ ਹੈ। 'ਹਸੰਦਿਆ ਖੇਲੰਦਿਆਂ' ਪਦਾਂ ਤੋਂ ਇਹ ਭਾਵ ਨਹੀਂ ਕਿ ਰਾਗ ਰੰਗ ਵਿਚ ਪੈ ਕੇ ਮੁਕਤੀ ਹੁੰਦੀ ਹੈ, ਸਗੋਂ ਗੁਰਮਤਿ ਅੰਦਰ ਹੋਛੇ ਰਾਗ ਰੰਗ, ਹਸਣ ਖੇਡਣ ਵਾਲੇ ਰੰਗ ਤਮਾਸ਼ੇ ਦੇਖਣੇ ਮਹਾਂ ਨਿਖੇਧਤ ਹਨ, ਹਸੰਦਿਆਂ ਖੇਲੰਦਿਆਂ ਦਾ ਸਪੱਸ਼ਟ ਇਹ ਭਾਵ ਹੈ ਕਿ ਗੁਰਮਤਿ ਗ੍ਰਹਿਸਤ ਅੰਦਰ ਰਹਿ ਕੇ ਉਦਾਸੀਨ ਹੋਣ ਦੀ ਕੋਈ ਲੋੜ ਨਹੀਂ, ਗੁਰਮਤਿ ਨਾਮ ਜਪਦਿਆਂ ਸਦਾ ਖਿੜੇ ਮਥੇ ਰਹੇ ਅਤੇ ਹਸੂੰ ਹਸੂੰ ਕਰਦਾ ਹੀ ਗੁਰਮਤਿ ਕਾਜ-ਮਈ ਸਚੀਆਂ ਸਚੀਆਂ ਖੇਡਾਂ ਖੇਡੇ। ਏਸੇ ਪ੍ਰਕਾਰ ਹੀ 'ਖਾਵੰਦਿਆਂ ਪੈਨੰਦਿਆਂ' ਪਦਾਂ ਤੋਂ ਹਰਗਿਜ਼ ਇਹ ਭਾਵ ਨਹੀਂ ਕਿ ਮਨ-ਬਾਂਛਤ ਭਖ ਅਭਖ ਖਾਣੇ ਖਾਂਦਾ ਫਿਰੇ ਅਤੇ ਹੋਛੇ ਭੜਕਵੇਂ ਪਹਿਰਾਵੇ ਪਹਿਨਦਾ ਫਿਰੇ, ਸਗੋਂ ਖਾਵੰਦਿਆ



www.AKJ.Org

'ਪਦ' ਤੋਂ ਸਪੱਸ਼ਟ ਭਾਵ ਇਹ ਹੈ ਕਿ ਗੁਰਮਤਿ ਪ੍ਰਮਾਣੀਕ ਖਾਣ ਯੋਗ ਖਾਣੇ ਖਾਏ ਅਤੇ ਭਖ ਅੰਭਖ ਰਸਾਂ ਕਸਾਂ ਵਾਲੇ ਖਾਣੇ ਖਾਣ ਵਿਚ ਖਚਤ ਨਾ ਹੋਵੇ। 'ਪਹਿਨੰਦਿਆ' ਪਦ ਤੋਂ ਗੁਰਮੁਖੀ ਬਾਣੇ ਵਾਲੇ ਬਸਤ੍ਰ ਪਹਿਨਣ ਤੋਂ ਹੈ, ਇਹ ਨਹੀਂ ਕਿ ਅਨਮਤੀਆਂ ਦੀ ਰੀਸੇ ਅਨਮਤੀ ਬਾਣੇ ਪਹਿਨਣ ਵਿਚ ਖਜਲ ਖੁਆਰ ਹੁੰਦਾ ਫਿਰੇ, ਜੈਸਾ ਕਿ ਅਜ ਕਲ ਦੇ ਸਾਰੇ ਨੌਜਵਾਨ ਸਿਖ, ਖ਼ਾਸ ਕਰ ਨੌਕਰੀ ਪੇਸ਼ਾ ਸਿਖ ਜੈਂਟਲਮੈਨ ਦਾੜ੍ਹੀਆਂ ਨੂੰ ਨਰੜਦੇ ਹਨ, ਪਤਲੂਣਾਂ ਪੈਂਟਾਂ ਪਾਉਂਦੇ ਹਨ। ਕਈ ਅਹਿਮਕ ਸਿਖ ਸ਼ਰੇਣੀ ਵਾਲੇ ਲੋਗ ਅਨਮਤੀਆਂ ਦੀ ਨਿਆਈਂ ਸਿਰੋਂ ਨੰਗੇ ਫਿਰਦੇ ਰਹਿੰਦੇ ਹਨ ਅਤੇ ਸਰੇ ਬਾਜ਼ਾਰ ਹੀ ਫਿਰਦੇ ਰਹਿੰਦੇ ਹਨ। ਟੱਟੀ ਭੀ ਨੰਗੇ ਸਿਰ ਹੀ ਜਾਣਗੇ, ਨੰਗੇ ਸਿਰ ਹੀ ਸੌਣਗੇ ਅਤੇ ਭੋਗ ਭੁੰਚਣਗੇ। ਗੁਰੂ ਘਰ ਦੀ ਰਹਿਤ ਬਹਿਤ ਇਸ ਪਰਕਾਰ ਦੀ ਕੁਰਹਿਤ ਰਹਿਣੀ ਤੋਂ ਬਿਬਰਜਤ ਕਰਦੀ ਹੈ। ਗੁਰੂ ਘਰ ਦੇ ਰਹਿਤਨਾਮਿਆਂ ਵਿਚ ਸਾਫ਼ ਲਿਖਿਆਹੈ'ਨਾਂਗੇ ਸੀਸ ਭੋਗ ਨਾ ਸੁਪਤਾਏ'। ਇਸੇ ਪ੍ਰਕਾਰ ਹੀ ਗੁਰੂ ਘਰ ਦੀਆਂ ਬੀਬੀਆਂ ਭੁਜੰਗਣਾਂ ਨੂੰ ਭੀ ਆਨਮਤਾਵਾਂ ਦੀ ਰੀਸੇ ਕੁਰੀਸੇ ਨੰਗੇ ਸੀਸ ਲੈ ਕੇ ਬੇਸਵਾਵਾਂ ਦਾ ਨਿਆਈਂ ਖੁਲ੍ਹੇ ਬਜ਼ਾਰਾਂ ਵਿਚ ਨਹੀਂ ਫਿਰਨਾ ਚਾਹੀਦਾ ਅਤੇ ਦੋ ਦੋ ਗੁੱਤਾਂ ਲਮਕਾ ਕੇ ਅਨਮਤਣਾਂ ਦੀ ਨਿਆਈਂ ਭੈੜਾ ਰਿਵਾਜ ਧਾਰਨਾ ਗੁਰਮਤਿ ਤੋਂ ਬਹੁਤ ਉਲਟ ਹੈ। ਅਜ ਕਲ ਭੈੜਾ ਰਿਵਾਜ ਇਹ ਬੜਾ ਹੀ ਜ਼ੋਰ ਪਕੜਦਾ ਜਾਂਦਾ ਹੈ ਕਿ ਜੋ ਜੋ ਭੈੜਾ ਕਰਤਵ ਅਨਮਤਣਾਂ ਕਰਨਗੀਆਂ ਇਸੀ ਤਰ੍ਹਾਂ ਗੁਰੂ ਘਰ ਦੀਆਂ ਬੀਬੀਆਂ ਭੁਜੰਗਣਾਂ ਭੀ ਚਲ਼ਣਗੀਆਂ। ਬੁਲ੍ਹਾਂ ਨੂੰ ਸੁਰਖੀਆਂ ਲਾ ਕੇ ਪਾਨ ਸੁਪਾਰੀ ਖਾਦੇ ਫਿਰਨ ਦੀ ਕੁਵਾਦੀ ਆਮ ਪੈਂਦੀ ਜਾਂਦੀ ਹੈ, ਹਾਲਾਂ ਕਿ ਗੁਰਵਾਕ ਸਾਫ਼ ਹੈ:—

> ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥ ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥
>
> [ਤਿਲੰਗ ਮ: ੪, ਪੰਨਾ ੭੨੬

ਵਾਲਾ ਗੁਰਵਾਕ ਅਜਿਹੀਆਂ ਭੈੜੀਆਂ ਰੀਸਾਂ ਕੁਰੀਸਾਂ ਵਾਲੀਆਂ ਕੁਵਾਦੀਆਂ ਤੋਂ ਸਾਫ਼ ਵਰਜਦਾ ਹੈ। ਗੁਰੂ ਘਰ ਦੀ ਰਹਿਣੀ ਬਹਿਣੀ ਵਾਲੇ ਪੁਸ਼ਾਕੇ ਪਹਿਰਾਵਿਆਂ ਦਾ ਉਕਾ ਹੀ ਪ੍ਰੀਤਿਆਗ ਹੋ ਰਿਹਾ ਹੈ। ਗੁਰਬਾਣੀ ਦੇ ਇਸ ਗੁਰਵਾਕ 'ਸਾਬਤ ਸੂਰਤ ਦਸਤਾਰ ਸਿਰਾ' ਅਨੁਸਾਰ ਸਭ ਗੁਰਮੁਖ ਬੀਬੀਆਂ ਭੈਣਾਂ ਨੂੰ ਸੀਸ ਤੇ ਕੇਸਕੀ (ਦਸਤਾਰ) ਸਜਾਉਣਾ ਲਾਜ਼ਮੀ ਹੈ। ਵੇਖੋ ਪੁਸਤਕ (ਸਿੰਘਾਂ ਦਾ ਪੰਥ ਨਿਰਾਲਾ)। ਸਗੋਂ ਇਸ ਤੋਂ ਉਲਟ ਨੰਗੀਆਂ ਬਾਵਰੀਆਂ ਛਡ ਕੇ ਯਾ ਪਟੀਆਂ ਨੂੰ ਤੇਲ ਲਾ ਕੇ ਖੁਲ੍ਹੇ ਵਾਲਾਂ ਨਾਲ ਫਿਰ ਤੁਰ ਕੇ ਝਾਟਿਆਂ ਵਿਚ ਖੇਹ ਪਵਾਂਦੀਆਂ ਫਿਰਦੀਆਂ ਹਨ, ਯਥਾ ਗੁਰਵਾਕ—'ਉਡ ਉਡ ਰਾਵਾ ਝਾਟੇ ਪਾਇ।' ਜੰਮਦੀਆਂ ਕੁੜੀਆਂ ਦੇ ਸਿਰ ਵਿਚ ਹੀ ਫੂੰਦੇ ਟੰਗ ਕੇ ਟੇਂਗਣੀਆਂ ਪਹਿਨਾਵਣ ਨੂੰ (ਕੁੜੀਆਂ ਮੁੰਡੇ) ਆਨਮਤੀਆਂ ਦੀ ਰੀਸ ਕਰਨ ਨੂੰ ਬੜਾ ਹੀ ਫ਼ਖ਼ਰ ਸਮਝਿਆ ਜਾਂਦਾ ਹੈ ਅਤੇ ਇਹ ਮਹਾਂ ਮਨਮਤ ਹੈ।

ਤਾਂ ਤੇ ਗੁਰਮਤਿ ਗ੍ਰਿਹਸਤ ਦੀ ਰਹਿਣੀ ਬਹਿਣੀ ਰਹਿਣ ਵਾਲੇ ਗੁਰਮੁਖ ਨਰ ਨਾਰੀਆਂ ਨੂੰ ਗੁਰਮੁਖੀ ਪਹਿਰਾਵਾ ਹੀ ਪਹਿਨਣਾ ਉਚਿਤ ਹੈ, ਭੈੜੀ ਮਨ ਮੰਨੀ ਆਜ਼ਾਦੀ ਵਾਲੇ ਖਾਣੇ ਖਾਣੇ ਅਤੇ ਪਹਿਰਾਵੇ ਪਹਿਨਣ ਵਾਲਾ ਭਾਵ (ਖਾਵੰਦਿਆਂ ਪਹਿਨੰਦਿਆਂ) ਪਦਾਂ ਤੋਂ ਨਹੀਂ ਹੈ, ਗੁਰਮਤਿ-ਜੁਗਤੀ ਵਾਲੀ ਹੀ ਪੂਰੀ ਜੁਗਤੀ ਹਸਣ, ਖੇਡਣ, ਖਾਣ, ਪਹਿਨਣ ਦੀ ਗੁਰੂ ਘਰ ਵਿਖੇ ਪਰਵਾਨ ਹੈ। ਖ਼ਾਲੀ ਆਜ਼ਾਦੀ ਧਾਰਨ ਕਰਨੀ ਨਿਰੀ ਬਰਬਾਦੀ ਹੈ। ਏਦੂੰ ਤਾਂ 'ਛਡ ਬਹੇ ਘਰ-ਬਾਰ' ਵਾਲਿਆਂ ਅਨਜਾਣਾਂ ਦੀ ਕੁਜੁਗਤੀ ਹੀ ਚੰਗੀ ਹੈ। ਸਭ ਕੋਈ ਆਪੋ ਆਪਣੀ ਮਨਮਤ ਦੀ ਜੁਗਤੀ ਧਾਰਨ ਵਿਚ ਹੀ ਪੂਰਾ ਬਣਿਆ ਫਿਰਦਾ ਹੈ। ਘਟ ਕੋਈ ਭੀ ਨਹੀਂ ਆਖਦਾ ਅਖਵਾਂਦਾ। ਜਿਸ ਜੁਗਤੀ ਦੇ ਧਾਰਨ ਕੀਤਿਆਂ ਗੁਰੂ ਘਰ ਵਿਖੇ ਪਤ ਰਹਿੰਦੀ ਹੋਵੇ, ਉਹ ਹੀ ਭਗਤੀ ਪਰਵਾਨ ਹੈ।

> ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ ਚਾਰ ਵਿਚਾਰ ॥ ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥ ॥੨॥੧੩॥
>
> [ਆਸਾ ਦੀ ਵਾਰ



www.AKJ.Org

ਇਸ ਤੋਂ ਪਹਿਲੇ ਨਾਲ ਲਗਦੇ ਸਲੋਕ ਵਿਚ ਦਸੇ ਅਨੁਸਾਰ ਚਾਰੇ ਵੇਦ ਵਖੋ ਵਖ ਧਰਮ ਅਨਮਤੀਆਂ ਨੂੰ ਦਸਦੇ ਹਨ ਅਤੇ ਸਚੇ ਬਣਦੇ ਹਨ ਤੇ ਅਨਮਤੀ ਲੋਗ ਭੀ ਏਹਨਾਂ ਚਾਰੇ ਵੇਦਾਂ ਦੇ ਦਸੇ ਅਨੁਸਾਰ ਚਲ ਕੇ ਆਪਣੇ ਜਾਣੇ ਸਚਿਆਰ ਬਣਦੇ ਹਨ। ਜੋ ਲੋਗ ਇਹਨਾਂ ਚੋਹਾਂ ਵੇਦਾਂ ਨੂੰ ਪੜ੍ਹਦੇ ਤੇ ਵਿਚਾਰਦੇ ਹਨ, ਉਹਨਾਂ ਨੂੰ ਕੇਵਲ ਤ੍ਰੈਗੁਣੀ ਕਰਮ ਦਾ ਨਿਰਣਾ ਤਾਂ ਹੋ ਜਾਂਦਾ ਹੈ, ਪਰ ਤਤ ਪ੍ਰਮਾਰਥੀ ਵਸਤੂ ਉਹਨਾਂ ਦੇ ਪੱਲੇ ਨਹੀਂ ਪੈਂਦੀ। ਤਤ ਪ੍ਰਮਾਰਥ ਤਾਂ ਨਿਰੋਲ ਗੁਰਮਤਿ ਧਰਮ ਧਾਰਿਆਂ ਹੀ ਪ੍ਰਾਪਤ ਹੁੰਦਾ ਹੈ, ਗੁਰਮਤਿ ਧਰਮ ਧਾਰਨ ਕੀਤਿਆਂ ਹੀ ਸਚੀ ਭਾਉ ਭਗਤੀ ਕਰਨੀ ਨਸੀਬ ਹੁੰਦੀ ਹੈ ਅਤੇ ਸਚੀ ਨੀਵਾਣ ਆਉਂਦੀ ਹੈ, ਅਨਮਤੀਆਂ ਵਾਲੀ ਫੋਕਟ ਹੈਂਕੜ ਜਾਂਦੀ ਹੈ। ਫੋਕਟ ਹੰਕਾਰ ਦੇ ਬਿਨਾਸ ਹੋਇਆਂ ਅਤੇ ਸਚੀ ਨਿਮਰਤਾ ਆਇਆਂ ਹੀ ਸਚਾ ਮੋਖੰਤਰ ਪਦ ਨਸੀਬ ਹੁੰਦਾ ਹੈ ਤੇ ਸਚੀ ਗੁਰਮਤਿ ਤਤ ਭਗਤੀ ਕੀਤਿਆਂ ਹੀ ਆਉਂਦਾ ਹੈ। ਏਵੇਂ ਕਿਵੇਂ ਭੀ ਬਿਧ ਬਣਦੀ ਹੀ ਨਹੀਂ। ਅਗਲਾ ਸਾਰਾ ਗੁਰਵਾਕ ਅਨਮਤੀ ਪੁਰਸ਼ਾਂ ਦੀ ਪਾਖੰਡ ਕਿਰਿਆ ਨੂੰ ਹੀ ਨਿਰੂਪਨ ਕਰਾਉਂਦਾ ਹੈ। ਯਥਾ:—

> ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥ ਮੁਖਿ ਝੂਠ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥ ਗਲਿ ਮਾਲਾ ਤਿਲਕੁ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥ ਜੇ ਜਾਣਸਿ ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ ਕਰਮੰ ॥ ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥੨॥੧੪॥ [ਆਸਾ ਦੀ ਵਾਰ

ਭਾਵ—ਅਨਮਤੀ ਪੁਸਤਕਾਂ ਦਾ ਪੜ੍ਹਨਾ ਅਤੇ ਸੰਧਿਆ ਗਾਇਤ੍ਰੀ ਆਦਿਕ ਅਨਮਤੀ ਕਰਮਾਂ ਦਾ ਕਰਨਾ ਸਭ ਬਾਦ ਅਤੇ ਬੇਫ਼ਾਇਦਾ ਹੀ ਹੈ। ਸਿਲਾਂ ਪੱਥਰਾਂ ਦਾ ਪੂਜਣਾ ਇਹ ਭੀ ਅਨਮਤੀ ਪਾਖੰਡ ਕਰਮ ਹੀ ਹੈ, ਗੁਰਮਤਿ ਅਨੁਸਾਰ ਇਸ ਦਾ ਉਕਾ ਹੀ ਵਿਧਾਨ ਨਹੀਂ। ਬਗਲਿਆਂ ਵਾਂਗ ਸਮਾਧੀਆਂ ਲਗਾਉਣਾ ਤਾਂ ਨਿਰਾ ਹੀ ਨਿਖੇਧਤ ਹੈ, ਜੈਸੇ ਕਿ ਸ੍ਰੀ ਦਸਮੇਸ਼ ਮੁਖ ਵਾਕ ਹੈ:—'ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ।' ਮੁਖੋਂ ਝੂਠ ਬੋਲਣਾ ਅਨਮਤੀਆਂ ਦੀ ਸਾਰ ਕਿਰਿਆ ਦਾ ਗਹਿਣਾ ਭੂਸ਼ਨ ਹੈ। ਤਿੰਨਾਂ ਪਾਲਾਂ (ਸਤਰਾਂ) ਵਾਲੀ ਗਾਇਤ੍ਰੀ ਦਿਨ ਵਿਚ ਤਿੰਨ ਤਿੰਨ ਵਾਰ ਪੜ੍ਹਨਾ ਵੀਚਾਰਨਾ ਸਭ ਅਨਮਤੀ ਕਿਰਿਆ ਹੈ, ਇਸ ਦਾ ਗੁਰਮਤਿ ਨਾਲ ਕੋਈ ਵਾਸਤਾ ਨਹੀਂ। ਗਲਾਂ ਵਿਚ ਫੋਕੀਆਂ ਵਿਖਾਵੇ ਦੀਆਂ ਮਾਲਾਂ ਪਾਉਣੀਆਂ ਤੇ ਮਥੇ ਤਿਲਕ ਆਦਿਕ ਲਾਉਣਾ ਇਹ ਸਭ ਆਨਮਤੀਆਂ ਦੀ ਫੋਕਟ ਕਿਰਿਆ ਕਰਨੀ ਹੀ ਹੈ, ਤਾਲੂ ਸਿਰ ਉਤੇ ਕਪੜਾ ਰਖਣਾ, ਨਾਲੇ ਤੇੜ ਵਿਖੇ ਧੋਤੀ ਪਾਉਣੀ ਨਿਰੀ ਕੂੜਾਵੀ ਪੰਡਤਾਵੀ ਪਾਖੰਡੀ ਕਿਰਿਆ ਹੀ ਹੈ। ਜੇਕਰ ਪਾਰਬ੍ਰਹਮ ਸੰਬੰਧੀ ਦਰਸਾਏ ਸਚੇ ਸੁਚੇ ਅਤੇ ਉਚੇ ਅਕਾਲ ਪੁਰਖ ਸੰਬੰਧੀ ਪ੍ਰੇਮ ਨੇਮੀ ਕਰਮਾਂ ਤੋਂ ਜਾਣੂ ਹੋਇਆ ਜਾਵੇ ਤਾਂ ਹੀ ਨਿਸਚੇ ਕਰਕੇ ਉਪਰ ਦਸੇ ਅਨਮਤੀ ਕਰਮ ਫੋਕਟ ਪ੍ਰਤੀਤ ਹੁੰਦੇ ਹਨ। ਗੁਰੂ ਨਾਨਕ ਸਾਹਿਬ ਸਿਟੇ ਵਜੋਂ ਇਹ ਪ੍ਰਤੀਪਾਦਨ ਕਰਦੇ ਹਨ ਕਿ ਨਿਸਚੇ ਕਰਕੇ ਵਾਹਿਗੁਰੂ ਨੂੰ ਧਿਆਵਣਾ ਹੀ ਸਭ ਤੋਂ ਸ੍ਰੇਸ਼ਟ ਤੇ ਉਚੇਸਟ ਕਰਮ ਹੈ। ਇਹ ਸਚ ਸੁਮਾਰਗੀ ਰਸਤਾ ਸਤਿਗੁਰੂ ਦੀ ਸਹਾਇਤਾ ਬਿਨਾਂ ਨਿਗੁਰਿਆਂ ਤੋਂ ਹਰਗਿਜ਼ ਧਾਰਨ ਨਹੀਂ ਕੀਤਾ ਜਾ ਸਕਦਾ। ਗੱਲ ਕੀ, ਸਾਰੀ ਆਸਾ ਦੀ ਵਾਰ ਵਿਚ ਆਨਮਤੀ ਪਾਖੰਡ ਕਰਮਾਂ ਦਾ ਨਿਖੇਧ ਕੀਤਾ ਗਿਆ ਹੈ। ਜੈਸਾ ਕਿ ਆਸਾ ਦੀ ਵਾਰ ਦੇ ੧੯ਵੀਂ ਪੌੜੀ ਦੇ ਸਲੋਕ ਦਾ ਸਿਧਾਂਤ ਨਿਰੂਪਨ ਕਰਦਾ ਹੈ। ਜਨੇਊ ਆਦਿਕ ਪੈਨਣ ਦੀ ਅਨਮਤੀ ਕਿਰਿਆ ਅਤੇ ਸੂਤਕ ਪਾਤਕ ਕਰਨੀ ਵਾਲੀ ਸਨਾਤਨੀ ਹਿੰਦੂਆਂ ਦੀ ਫੋਕੀ ਪਾਖੰਡ-ਕਿਰਿਆ ਨੂੰ ਸ੍ਰੀ ਆਸਾ ਜੀ ਦੀ ਵਾਰ ਦੇ ਅਗਲੇਰੇ ਸਲੋਕਾਂ ਵਿਚ ਖੂਬ ਖੰਡਿਆ ਗਿਆ ਹੈ। ਸਭ ਦੀ ਵਿਆਖਿਆ ਜੇ ਕੀਤੀ ਜਾਵੇ ਤਾਂ ਲੇਖ ਦੇ ਵਿਸਥਾਰ ਹੋਣ ਦਾ ਡਰ ਹੈ। ਇਸ ਕਰਕੇ ਟੂਕ ਮਾਤਰ ਦਸਣਾ ਹੀ ਜ਼ਰੂਰੀ ਹੈ ਕਿ



www.AKJ.Org

ਸ੍ਰੀ ਆਸਾ ਜੀ ਦੀ ਵਾਰ ਦੇ ਸਲੋਕਾਂ ਵਿਚ ਆਨਮਤ ਕਿਰਿਆ ਦਾ ਖੰਡਨ ਹੀ ਖੰਡਨ ਕੀਤਾ ਪਿਆ ਹੈ।

ਆਸਾ ਦੀ ਵਾਰ ਦੀ ਅਠਾਰ੍ਹਵੀਂ ਪਉੜੀ ਦੇ ਤਿਹਾਂ ਸਲੋਕਾਂ ਵਿਖੇ ਹਿੰਦੂਆਂ ਅਨਮਤੀਆਂ ਦੇ ਮੰਨੇ ਪ੍ਰਮੰਨੇ ਸੂਤਕ ਵਾਲੇ ਪਾਖੰਡ ਨੂੰ ਖ਼ੂਬ ਰੱਜ ਕੇ ਖੰਡਨ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਦਰਸਾਇਆ ਗਿਆ ਹੈ ਕਿ ਗੁਰਮਤਿ ਧਾਰਨੀ ਗੁਰਮੁਖ ਜਨਾਂ ਨੂੰ ਇਸ ਸੂਤਕ ਪਾਤਕ ਵਾਲੇ ਸੰਸਕਾਰੀ ਪਾਖੰਡ ਤੋਂ ਬਚਣਾ ਚਾਹੀਦਾ ਹੈ।

> ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥ ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥ ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥ ਐਸੇ ਸੰਤ ਨ ਮੋ ਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥ ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥ ਬਸੁਧਾ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ ॥੨॥ ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥ ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥ ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥ ਕਹੁ ਕਬੀਰ ਜਿਸੁ ਸਤਿਗੁਰ ਭੇਟੈ ਪੁਨਰਪਿ ਜਨਮਿ ਨ ਆਵੈ ॥੪॥੨॥ [ਆਸਾ ਕਬੀਰ ਜੀ

ਇਸ ਗੁਰਵਾਕ ਦੇ ਗੁਰਮਤਿ ਭਾਵ ਦੀ ਰੋਸ਼ਨੀ ਅਨੁਸਾਰ ਵੈਸ਼ਨਵ ਫਿਰਕੇ ਦੇ ਅਨੁਮਤੀ ਪਾਖੰਡੀ ਅਪਰਸ ਕਹਾਵਣ ਵਾਲੇ ਭੇਖੀਆਂ ਦਾ ਖ਼ੂਬ ਖੰਡਨ ਕੀਤਾ ਗਿਆ ਹੈ। ਇਹ ਪਾਖੰਡੀ ਲੋਕ ਸਾਢੇ ਤਿੰਨ ਤਿੰਨ ਗਜ਼ ਧੋਤੀਆਂ ਤੇੜ ਪਾ ਕੇ ਅਤੇ ਤਿਹਰੇ ਧਾਗੇ ਵਾਲੇ ਜਨੇਊ ਗਲਾਂ ਵਿਚ ਧਾਰ ਕੇ ਆਪਣੇ ਪਾਖੰਡ-ਭੇਖ ਦੀ ਪਵਿਤ੍ਰਤਾ ਬਣਾਉਂਦੇ ਹਨ। ਇਹਨਾਂ ਦੇ ਗਲਾਂ ਵਿਚ ਰੁਦਰਾਸ ਦੀਆਂ ਮਾਲਾਂ ਪਾਈਆਂ ਹੁੰਦੀਆਂ ਹਨ, ਅਤੇ ਹੱਥਾਂ ਵਿਚ ਚੰਗੀ ਤਰ੍ਹਾਂ ਮਾਂਜ ਕੇ ਲਿਸ਼ਕਾਏ ਹੋਏ ਲੋਟੇ (ਗੜਵੇ, ਕਰਮੰਡਲ) ਫੜੇ ਹੋਏ ਹੁੰਦੇ ਹਨ। ਇਹੋ ਜਿਹੇ ਦਿਖਾਵੇ ਦੇ ਪਾਖੰਡੀਆਂ ਭੇਖੀਆਂ ਨੂੰ ਹਰਿ ਕੇ ਸੰਤ ਨਹੀਂ ਆਖੀਦਾ। ਉਹ ਬਨਾਰਸੀ ਠਗ ਹੁੰਦੇ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ— ਐਸੇ ਸੰਤ ਸਾਨੂੰ ਨਹੀਂ ਭਾਉਂਦੇ, ਉਹ ਅੰਤਰਗਤੀ ਲੁਕ ਛਿਪ ਕੇ ਸਾਰੇ ਪੇੜ ਨੂੰ ਡਾਲੀਆਂ ਸਮੇਤ ਹੜਪ ਕਰ ਜਾਣ ਵਾਲੇ ਹੁੰਦੇ ਹਨ, ਭਾਂਡੇ ਮਾਂਜ ਕੇ ਚੁਲ੍ਹਿਆਂ ਤੇ ਚਾੜ੍ਹਦੇ ਹਨ ਅਤੇ ਲਕੜੀਆਂ ਧੋ ਧੋ ਕੇ ਜਲਾਉਂਦੇ ਹਨ, ਧਰਤੀ ਖੋਦ ਖੋਦ ਕੇ ਦੂਹਰੇ ਦੂਹਰੇ ਚੁਲ੍ਹੇ ਬਣਾਉਂਦੇ ਹਨ ਅਤੇ ਆਪਣੇ ਆਪ ਨੂੰ ਬਹੁਤੀ ਸੁਚਮ ਕਰਨ ਵਾਲੇ ਅਪਰਸ ਜਣਾਉਂਦੇ ਹਨ। ਉਂਜ ਉਹ ਸਾਰੇ ਮਾਣਸ ਖਾਣ ਵਾਲੇ ਹੁੰਦੇ ਹਨ, ਉਹ ਐਸੇ ਪਾਪੀ ਲੋਕ ਅੰਦਰੋਂ ਨਿਰੇ ਅਪਰਾਧੀ ਹੁੰਦੇ ਹਨ, ਉਪਰੋਂ ਲੋਕਾਂ ਪ੍ਰਤੀ ਆਪਣੇ ਮੁਖੋਂ ਹੀ ਆਪ ਨੂੰ ਅਪਰਸ ਕਹਾਉਂਦੇ ਹਨ ਕਿ ਅਸੀਂ ਕਿਸੇ ਅਪਵਿਤ੍ਰ ਵਸਤੂ (ਖਾਣ ਪੀਣ ਵਾਲੀ ਵਸਤੂ ਨੂੰ) ਨਹੀਂ ਛੋਂਹਦੇ। ਅਜਿਹੇ ਪਾਖੰਡੀ ਲੋਕ ਸਦਾ ਸਦਾ ਅਭਿਮਾਨੀ ਬਣੇ ਹੋਏ ਵਿਚਰਦੇ ਹਨ ਤੇ ਆਪਣੀਆਂ ਪਾਖੰਡ-ਕਰਤੂਤਾਂ ਦਵਾਰਾ ਨਾ ਸਿਰਫ਼ ਆਪਣੇ ਆਪ ਨੂੰ ਹੀ, ਬਲਕਿ ਹੋਰ ਕੁਟੰਬੀਆਂ ਨੂੰ ਡੋਬਣ ਵਾਲੇ ਹੁੰਦੇ ਹਨ। ਤਿਨ੍ਹਾਂ ਦੇ ਪੂਰਬਲੇ ਜਨਮ ਦੇ ਕਰੂਰ ਕਰਮ ਐਸੇ ਹੀ ਕੀਤੇ ਹੋਏ ਹੁੰਦੇ ਹਨ, ਜਿਸ ਦਾ ਫਲ ਇਸ ਜਨਮ ਵਿਖੇ ਭੁਗਤਦੇ ਹਨ। ਕਰਮ ਬਿਧਾਤੇ ਵਾਹਿਗੁਰੂ ਅਕਾਲ ਪੁਰਖ ਨੇ ਜਿਧਰ ਐਸੇ ਪਾਖੰਡੀ ਨੂੰ ਪੂਰਬਲੇ ਕਰਮਾਂ ਦੀ ਗਤੀ ਅਨੁਸਾਰ ਲਾਇਆ ਹੁੰਦਾ ਹੈ, ਉਧਰ ਉਹ ਲਗਦਾ ਹੈ। ਜਿਸ ਦੇ ਉਪਰ ਨਦਰ ਕਰਮ ਹੁੰਦੀ ਹੈ ਉਸਨੂੰ ਇਸ ਜਨਮ ਵਿਖੇ ਸਚੇ ਸਤਿਗੁਰੂ ਦਾ ਮਿਲਾਪ ਹੋ ਜਾਂਦਾ ਹੈ, ਜਿਸ ਤੋਂ ਗੁਰਦੀਖਿਆ ਲੇ ਕੇ ਉਸ ਦੇ ਛੁਟਕਾਰੇ ਦਾ ਬਾਨ੍ਹਣੂੰ ਬਝ ਜਾਂਦਾ ਹੈ। ਉਹ ਫੇਰ ਮੁੜ ਮੁੜ ਕੇ ਚੁਰਾਸੀ ਦੇ ਜਨਮ-ਮਰਨੀ ਗੇੜੇ ਵਿਚ ਨਹੀਂ ਆਉਂਦਾ।

> ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥ ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ ॥੧॥ ਤਾ ਤੇ ਸੇਵੀਅਲੇ ਰਾਮਨਾ ॥ ਰਸਨਾ ਰਾਮ ਨਾਮ ਹਿਤੁ ਜਾ ਕੈ



www.AKJ.Org

ਕਹਾ ਕਰੈ ਜਮਨਾ ॥੧॥ ਰਹਾਉ ॥ ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆ-ਕਰਨਾ ॥ ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥੨॥ ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ ॥ ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ ॥੩॥ ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਉਬਰਨਾ ॥ ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ ॥੪॥੫॥

[ਆਸਾ ਕਬੀਰ ਜੀ

ਜਿਤਨੇ ਵੀ ਜੋਗੀ, ਜਤੀ, ਤਪੀ, ਸੰਨਿਆਸੀ, ਕਰਮਕਾਂਡੀ, ਪਾਖੰਡੀ ਫ਼ਿਰਕੇ ਹਨ, ਉਹ ਚਾਹੇ ਬਹੁਤੇ ਹੀ ਤੀਰਥਾਂ ਉਤੇ ਭੋਣ ਵਾਲੇ ਹਨ, ਚਾਹੇ ਕਿਤਨੇ ਹੀ ਇਸ ਬਿਧਿ ਭਰਮਦੇ ਫਿਰਨ, ਉਹਨਾਂ ਦੀ ਅੰਤਕਾਲ ਸਮੇਂ ਸਦਗਤੀ ਨਹੀਂ ਹੁੰਦੀ। ਏਸੇ ਪ੍ਰਕਾਰ ਹੀ ਜੋ ਜੈਨੀ ਲੋਕਾਂ ਦਾ ਪਾਖੰਡ-ਪੂਜ ਫ਼ਿਰਕਾ ਹੈ ਉਹ ਸਿਰ ਦੇ ਵਾਲ ਮੋਚਨੇ ਨਾਲ ਪੁਟਾਣ ਕਰਕੇ ਆਪਣੇ ਆਪ ਨੂੰ ਸਮਝੀ ਬੈਠੇ ਹੁੰਦੇ ਹਨ ਕਿ ਉਹ ਲੁੰਜਤ ਬਣ ਕੇ ਜਨਮ-ਮਰਨ ਤੋਂ ਰਹਿਤ ਹੋ ਜਾਣਗੇ, ਇਹ ਨਿਰਾ ਮੁਗ਼ਾਲਤਾ ਹੈ। ਇਸ ਪਾਖੰਡ ਕਰਕੇ ਉਹ ਜਨਮ ਮਰਨ ਤੋਂ ਰਹਿਤ ਨਹੀਂ ਹੋ ਸਕਦੇ, ਕਈ ਐਸੇ ਹੀ ਪਾਖੰਡੀ ਭੇਖਧਾਰੀ ਹੈਨ, ਜੋ ਮੁੰਜ ਦੀ ਤੜਾਗੀ ਲੱਕ ਦੇ ਉਦਾਲੇ ਬੰਨ੍ਹ ਕੇ ਆਪਣੇ ਆਪ ਵਿਚ ਬੈਰਾਗੀ ਬਣੇ ਫਿਰਦੇ ਹਨ। ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਐਸੇ ਨਿਗੁਰੇ ਭੀ ਬੇਗਤੇ ਜਾਣਗੇ। ਇਕ ਅਜਿਹੇ ਭੀ ਹਨ, ਜੋ ਉਮਰ ਭਰ ਮੋਨ-ਬ੍ਰਤ ਸਾਧ ਕੇ ਮੋਨੀ ਬਣਦੇ ਫਿਰਦੇ ਹਨ, ਇਹ ਭੀ ਐਵੇਂ ਅਬਗਤੇ ਹੀ ਜਾਣਗੇ। ਜੋ ਪਾਖੰਡੀ ਸਿਰ ਦੇ ਵਿਚ ਸੁਆਹ ਪਾ ਕੇ ਸਿਰ ਦੇ ਵਾਲ ਵਧਾਉਣ ਲਈ ਲੰਮੀਆਂ ਲੰਮੀਆਂ ਜਟਾਂ ਬਣਾਵੰਦੇ ਹਨ, ਐਸੇ ਜਟਾਧਾਰੀ ਪਾਖੰਡੀ ਭੀ ਅੰਤ ਨੂੰ ਬੇਗਤੇ ਹੀ ਕਾਲਵਾਸ ਹੋ ਜਾਣਗੇ।

ਤਾਂ ਤੇ ਵਾਹਿਗੁਰੂ ਨਾਮ ਦਾ ਸਿਮਰਨ ਹੀ ਹਰ ਵੇਲੇ ਕਰੀ ਜਾਣਾ ਚਾਹੀਦਾ ਹੈ। ਜਿਸ ਦੀ ਜੀਭ ਨੂੰ ਵਾਹਿਗੁਰੂ ਨਾਮ ਦਾ ਹਿਤ-ਪਿਆਰੀ ਸਚਾ ਇਸ਼ਕ ਹੈ, ਉਸ ਨੂੰ ਮੌਤ ਕੀ ਕਰ ਸਕਦੀ ਹੈ। ਜੋ ਅਨਮਤੀ ਲੋਗ ਛਿਆਂ ਸ਼ਾਸਤ੍ਰਾਂ ਦਾ ਤੇ ਚੋਹਾਂ ਵੇਦਾਂ ਦਾ ਘੋਖਣਾ ਭੀ ਜਾਣਦੇ ਹਨ, ਅਤੇ ਜੋਤਸ਼ ਵਿਦਿਆ ਦੇ ਵੀ ਜਾਣੂੰ ਹਨ ਅਤੇ ਬੜੀਆਂ ਬੜੀਆਂ ਵਿਆਕਰਣਾਂ ਗਰੈਮਰਾਂ ਦੇ ਇਲਮ ਵੀ ਸਿਖੇ ਹੋਏ ਹੁੰਦੇ ਹਨ, ਜਾਦੂ ਟੂਣੇ ਵਾਲੇ ਤੰਤ੍ਰ ਮੰਤ੍ਰੀ ਔਖਧੀਆਂ ਸਭ ਜਾਣਦੇ ਹਨ, ਅੰਤ ਨੂੰ ਤਿਨ੍ਹਾਂ ਨੇ ਵੀ ਮਰ ਕੇ ਆਵਾ-ਗਉਣੀ ਚਕਰ ਵਿਚ ਜਾ ਪੈਣਾ ਹੈ। ਬੜੇ ਬੜੇ ਰਾਜ ਭੋਗ ਕੇ ਅਤੇ ਛੱਤ੍ਰ-ਸਿੰਘਾਸਨੀ ਰਾਜ-ਗੱਦੀਆਂ ਤੇ ਬੈਠਣ ਵਾਲੇ ਅਤੇ ਬੜੀਆਂ ਬੜੀਆਂ ਮੌਜਾਂ ਕਰਨ ਵਾਲੇ ਵੀ ਖ਼ਾਲੀ ਹਥੀਂ ਹੀ ਮਰ ਜਾਣਗੇ। ਵਿਸ਼ੇ ਵਿਕਾਰਾਂ ਦੇ ਭੋਗਾਂ ਨੇ ਉਹਨਾਂ ਦਾ ਪਾਰ ਉਤਾਰਾ ਨਹੀਂ ਕਰਨਾ, ਪਾਨ ਖਾਣ ਵਾਲੇ ਆਨਮਤੀ ਲੋਕ ਅਤੇ ਚੰਦਨ ਕਾਪੂਰ ਦੀਆਂ ਸੁਗੰਧੀਆਂ ਲੈਣ ਵਾਲੇ ਭੀ ਓੜਕ ਨੂੰ ਐਵੇਂ ਹੀ ਮਰ ਜਾਣਗੇ। ਜਿਹੜੇ ਲੋਕ ਵੇਦਾਂ ਪੁਰਾਣਾਂ ਸਿਮ੍ਰਤੀਆਂ ਨੂੰ ਖੋਜ ਖੋਜ ਕੇ ਘੋਖਦੇ ਹਨ, ਉਹ ਸਾਰੇ ਦੇ ਸਾਰੇ ਹੀ ਬੇਗਤੇ ਜਾਣਗੇ। ਓਨ੍ਹਾਂ ਮਿਣੇ ਮਿਥੇ ਹੋਏ, ਘੋਖਾ ਘੋਖੀ ਵਾਲੇ ਕਿਸੇ ਵੀ ਆਨਮਤੀ ਪੁਸਤਕ ਦੁਾਰਾ ਉਨ੍ਹਾਂ ਦਾ ਪਾਰ ਉਤਾਰਾ ਨਹੀਂ ਹੁੰਦਾ। ਕਬੀਰ ਸਾਹਿਬ ਫ਼ੁਰਮਾਉਂਦੇ ਹਨ ਕਿ ਕੇਵਲ ਗੁਰਮਤਿ ਨਾਮ ਜਪਣ ਕਰਕੇ ਜਨਮ ਮਰਨ ਮਿਟ ਸਕਦਾ ਹੈ। ਏਸ ਗੁਰਵਾਕ ਦੁਆਰਾ ਬੇਦਾਂ ਪੁਰਾਣਾਂ ਸ਼ਾਸਤ੍ਰਾਂ ਆਦਿਕ ਆਨਮਤਿ ਪੁਸਤਕਾਂ ਦਾ ਰੱਜ ਰੱਜ ਕੇ ਖੰਡਨ ਕੀਤਾ ਗਿਆ ਹੈ, ਗੁਰਮਤਿ ਅੰਦਰ ਕਿਤੇ ਭੀ ਇਹਨਾਂ ਦਾ ਮੰਡਨ ਨਹੀਂ, ਨਿਰੀ ਨਿਖੇਧੀ ਹੀ ਨਿਖੇਧੀ ਹੈ।

[ਪੁਸਤਕ "ਗੁਰਮਤਿ ਗੌਰਵਤਾ" ਵਿਚੋਂ ਧੰਨਵਾਦ ਸਹਿਤ

---

**ਪਾਠਕ ਜੀ** ਹਰ ਮਹੀਨੇ ਦੀ ੧੫ ਤਰੀਕ ਤਕ ਜੇ ਆਪ ਨੂੰ ਪਰਚਾ ਨਾ ਮਿਲੇ ਤਾਂ ਕਾਰਡ ਲਿਖੋ, ਤਾਕਿ ਹੋਰ ਪਰਚਾ ਭੇਜ ਦਿੱਤਾ ਜਾਏ। ਕਈ ਪਰਚੇ ਰਸਤੇ ਵਿਚ ਗੁੰਮ ਹੋ ਜਾਂਦੇ ਹਨ।



www.AKJ.Org

# ਗੁਰੂ

[ਵਲੋਂ:—ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ]

ਗੁਰੂ ਦਾ ਅਖਰੀ ਅਰਥ ਹੈ "ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲੀ ਹਸਤੀ।" ਇਹ ਹਸਤੀ ਕਰਤਾ ਪੁਰਖ ਆਪ ਹੈ :—

ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯੋ ਹਮਾਰਾ ॥੯॥

[ਬੇਨਤੀ ਚਉਪਈ ਪਾ: ੧੦

ਇਸ ਅਨੁਸਾਰ ਅਕਾਲ ਪੁਰਖ ਦੇ ਬੇਅੰਤ ਗੁਣਾਂ ਵਿਚੋਂ ਉਸ ਦਾ ਪ੍ਰਮੁਖ ਗੁਣ "ਗੁਰੂ" ਹੈ। ਆਪਣੇ ਅਸਲੇ ਦੀ ਪਛਾਣ ਅਤੇ ਉਸ ਵਿਚ ਲੀਨਤਾ ਲਈ ਗੁਰੂ ਪਾਸੋਂ ਜਾਪ ਲਈ ਜੋ "ਵਾਹਿਗੁਰੂ" ਗੁਰਮੰਤਰ ਮਿਲਦਾ ਹੈ ਉਸ ਤੋਂ ਵੀ ਕਰਤਾ ਪੁਰਖ ਦਾ 'ਗੁਰੂ' ਗੁਣ ਉਜਾਗਰ ਹੁੰਦਾ ਹੈ।

ਗੁਰੂ-ਕਰਤਾਰ ਨੇ ਆਪਣਾ ਸੰਪੂਰਨ ਪ੍ਰਕਾਸ਼ ਗੁਰੂ ਨਾਨਕ ਦੇਵ ਜੀ ਨੂੰ ਬਖਸ਼ਿਆ। ਅਜਿਹੇ ਅਪਰੰਪਰ, ਪਾਰਬ੍ਰਹਮ ਪਰਮੇਸ਼ਰ ਗੁਰੂ ਦੀ ਪ੍ਰਾਪਤੀ ਅਤੇ ਉਸ ਤੋਂ ਤੱਤ ਜੋਤਿ ਦੇ ਪ੍ਰਕਾਸ਼ ਦਾ ਵਰਨਣ ਗੁਰੂ ਨਾਨਕ ਦੇਵ ਜੀ ਦੀ ਸਗਵੀਂ ਬਾਣੀ ਵਿਚ ਇਉਂ ਹੈ—

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ॥

[ਸੋਰਠਿ ਮ: ੧, ਪੰਨਾ ੫੯੯

ਏਸ ਰਹੱਸ ਨੂੰ ਪੁਰਾਤਨ ਜਨਮਸਾਖੀ ਵਿਚ ਵਧੇਰੇ ਵਿਸਥਾਰ ਨਾਲ ਬਿਆਨ ਕੀਤਾ ਹੋਇਆ ਹੈ ਅਤੇ ਇਸ ਵਿਚ ਗੁਰੂ ਬਾਬੇ ਜੀ ਨੂੰ 'ਗੁਰੂ-ਪਰਮੇਸਰ' ਦੀ ਪਦਵੀ ਦੀ ਥਾਪਨਾ ਬਾਰੇ ਸੰਕੇਤ ਇਸ ਪ੍ਰਕਾਰ ਹੈ :—

"ਨਾਨਕ ! ਜਿਸ ਉਪਰਿ ਤੇਰੀ ਨਦਰਿ ਤਿਸ ਉਪਰਿ ਮੇਰੀ ਨਦਰਿ। ਜਿਸੁ ਉਪਰਿ ਤੇਰਾ ਕਰਮੁ ਤਿਸੁ ਉਪਰਿ ਮੇਰਾ ਕਰਮੁ। ਮੇਰਾ ਨਾਉ ਪਾਰਬ੍ਰਹਮ ਪਰਮੇਸਰੁ ਅਤੇ ਤੇਰਾ ਨਾਉ ਗੁਰੁ ਪਰਮੇਸਰੁ।"

ਕਰਤਾ ਪੁਰਖ ਦੀ ਗੁਰੂ ਜੋਤਿ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਜਾਮਿਆਂ ਵਿਚ ਸਮਾਨ ਵਰਤਦੀ ਹੋਈ ਹੁਣ ਸ਼ਬਦ-ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ ਅਤੇ ਜੀਵਾਂ ਨੂੰ ਗਿਆਨ ਪ੍ਰਕਾਸ਼ ਕਰ ਰਹੀ ਹੈ। ਸ਼ਬਦ-ਬ੍ਰਹਮ ਸ੍ਰੀ ਗੁਰੂ ਗ੍ਰੰਥ ਸਾਹਿਬ, ਜੀ ਦਾ ਸੰਸਾਰ ਉਧਾਰ ਦਾ ਪਹਿਰਾ ਜੁਗੋ ਜੁਗ ਅਟੱਲ ਹੈ।

ਗੁਰੂ, ਸੰਸਾਰ ਵਿਚ ਨਿਰਗੁਣ-ਬ੍ਰਹਮ ਦਾ ਸ਼ਬਦ-ਬ੍ਰਹਮ ਸਰੂਪ ਹੈ, ਭਾਵੇਂ ਮਨੁੱਖੀ ਜਾਮੇ ਵਿਚ ਹੋਵੇ ਭਾਵੇਂ ਬਦਲ ਕੇ ਗ੍ਰੰਥ ਰੂਪ ਚੋਲਾ ਧਾਰਨ ਕਰ ਲਵੇ। ਸ਼ਬਦ-ਬ੍ਰਹਮ-ਸਤਿਗੁਰੂ ਜੀ, ਗਿਆਨ ਪ੍ਰਕਾਸ਼ ਦੁਆਰਾ ਸੰਸਾਰ ਦੇ ਭਰਮ-ਛੌੜ ਕਟਦੇ ਆ ਰਹੇ ਹਨ, ਹੁਣ ਕਟ ਰਹੇ ਹਨ ਅਤੇ ਜੁਗੋ ਜੁਗ ਕਟਦੇ ਰਹਿਣਗੇ।

ਗੁਰੂ ਅੰਤਰ ਆਤਮੇ ਅਕਾਲ ਪੁਰਖ ਨਾਲ ਅਭੇਦ ਹੈ ਅਤੇ ਜੀਵਾਂ ਨੂੰ ਮੋਹ ਮਾਇਆ ਦੀ ਅਗਿਆਨਤਾ ਵਿਚੋਂ ਕਢ ਕੇ ਵਾਹਿਗੁਰੂ ਨਾਲ ਅਭੇਦ ਕਰਨ ਦੀ ਸੱਚੀ ਸੁੱਚੀ ਬਸੀਠੀ ਕਰਦਾ ਹੈ :—

(ੳ) ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥੪॥

[ਭੈਰਉ ਮਹਲਾ ੫, ਪੰਨਾ ੧੧੪੨

(ਅ) ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥ [ਵਾਰ ਰਾਮਕਲੀ ਮ: ੫, ਪੰਨਾ ੯੫੭

ਗੁਰੂ ਪਾਸ ਧੁਰੋਂ ਬਖ਼ਸ਼ਿਆ ਨਾਮ-ਖ਼ਜ਼ਾਨਾ ਹੈ, ਜੋ ਉਹ ਪਰਉਪਕਾਰ ਹਿਤ ਸਾਰੇ ਸੰਸਾਰ ਵਿਚ ਵੰਡਦਾ ਹੈ :—

ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ ਮਸਤਕਿ ਕਰਮਾ ॥ ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ ॥੧॥

[ਧਨਾਸਰੀ ਮ: ੫, ਪੰਨਾ ੬੮੦

ਨਾਮ ਅਤੇ ਨਾਮੀ ਦੀ ਪ੍ਰਾਪਤੀ ਗੁਰੂ ਦੀ ਸ਼ਰਨ



www.AKJ.Org

ਪਿਆਂ ਹੀ ਹੋ ਸਕਦੀ ਹੈ । ਗੁਰੂ ਦੀ ਸ਼ਰਨ ਪਏ ਬਗੈਰ ਤਮੋਗੁਣੀ ਸੰਸਾਰ ਵਿਚ ਸਹੀ ਜੀਵਨ ਜੀਊਣ ਦੀ ਜੁਗਤੀ ਨਹੀਂ ਆ ਸਕਦੀ ।

ਗੁਰਿ ਕਿਰਪਾ ਜਿਹ ਨਰ ਕਉ ਕੀਨੀ ਤਿਹ
ਇਹ ਜੁਗਤਿ ਪਛਾਨੀ ॥੩॥੧੧॥
[ਸੋਰਠਿ ਮਹਲਾ ੯

ਵਿਕਾਰਾਂ ਅਤੇ ਜਨਮ ਮਰਨ ਦੇ ਗੇੜ ਤੋਂ ਮੁਕਤੀ ਪ੍ਰਾਪਤ ਕਰਨ ਦਾ ਭੇਤ ਵੀ ਗੁਰੂ ਹੀ ਜੀਵਾਂ ਨੂੰ ਸਮਝਾਉਂਦਾ ਹੈ ।

ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰ
ਯਹ ਭੇਦੁ ਬਤਾਵੈ ॥੩॥੩॥ [ਬਿਲਾਵਲੁ ਮ: ੯
ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ
ਭੇਦੁ ਬਤਾਵੈ ॥੧॥ਰਹਾਉ॥੨॥
[ਬਿਲਾਵਲੁ ਮ: ੯

ਅਜ ਕਲ੍ਹ ਦੇਹ-ਧਾਰੀ ਗੁਰੂ ਬਾਰੇ ਬੜਾ ਭੁਲੇਖਾ ਹੈ । ਜਣਾ ਖਣਾ ਗੁਰੂ ਬਣਿਆ ਬੈਠਾ ਹੈ । ਪਰ ਤੱਤਵ ਇਹ ਹੈ ਕਿ ਸਰੀਰ ਕਦੀ ਵੀ ਗੁਰੂ ਨਹੀਂ ਹੋਇਆ । ਗੁਰੂ ਸਦਾ ਹੀ "ਸ਼ਬਦ-ਜੋਤਿ" ਰਹੇ ਹੈ । ਸਰੀਰ ਸਦੀਵੀ ਨਹੀਂ, ਬਿਨਸਣਹਾਰ ਹੈ । "ਸ਼ਬਦ-ਜੋਤਿ" ਸਦਾ ਅਮਰ ਤੇ ਅਟੱਲ ਹੈ । ਮੌਸਮੀ ਦੇਹ-ਧਾਰੀ ਗੁਰੂ ਅਜ ਹੀ ਪੈਦਾ ਨਹੀਂ ਹੋਏ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਵੀ ਲਾਲਚ-ਅਧੀਨ ਬਾਬੇ ਬਕਾਲੇ ਮੰਜੀਆਂ ਲਾ ਕੇ ਕੂੜ ਦੇਰ ਤਕ ਪਰਪੰਚ ਰਚਾਈ ਰਖਿਆ । ਪਰ ਕੂੜ ਦੀ ਖੇਡ ਜ਼ਿਆਦਾ ਦੇਰ ਤੱਕ ਨਹੀਂ ਚਲ ਸਕਦੀ, ਅੰਤ ਨੂੰ ਸਫ਼ ਵਲ੍ਹੇਟ ਗਏ । ਪਰ ਗੁਰੂ ਜੋਤਿ (ਸ਼ਬਦ-ਬ੍ਰਹਮ) ਇਕ-ਰਸ ਪ੍ਰਕਾਸ਼ ਬਖਸ਼ਦੀ ਚਲੀ ਆ ਰਹੀ ਹੈ । ਜਿਥੇ ਸੰਸਾਰ ਦਾ ਸਭ ਕੁਝ ਨਾਸ਼ਮਾਨ ਹੈ ਉਥੇ ਕੇਵਲ ਨਾਮ, ਨਾਮ ਦੀ ਸਾਧਨਾ ਕਰਨ ਵਾਲੇ ਗੁਰਮੁਖ ਸਾਧੂ ਅਤੇ ਗੋਬਿੰਦ ਰੂਪ ਗੁਰੂ ਪਾਤਸ਼ਾਹ ਹੀ ਕੇਵਲ ਸਥਿਰ ਹਨ ।

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ
ਗੋਬਿੰਦੁ ॥੫੬॥ [ਸਲੋਕ ਮ: ੯

[ਪੁਸਤਕ ਸਟੀਕ ਬਾਣੀ ਗੁਰੂ ਤੇਗ ਬਹਾਦਰ ਸਾਹਿਬ ਵਿਚੋਂ

## ਗੁਰਮਤਿ ਪਰਚਾਰ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਟ੍ਰੈਕਟ

ਗੁਰਮਤਿ ਪਰਚਾਰ ਲਈ ਘਟ ਕੀਮਤਾਂ ਤੇ ਸੰਗਤਾਂ ਵਿਚ ਵੰਡਣ ਲਈ ਹੁਣ ਤਕ ਚਾਰ ਟ੍ਰੈਕਟ 'ਸੂਰਾ' ਵਲੋਂ ਛਪੇ ਹਨ । ਇਨ੍ਹਾਂ ਟ੍ਰੈਕਟਾਂ ਵਿਚ ਹੇਠ ਲਿਖੇ ਅਨੁਸਾਰ ਸਹਾਇਤਾ ਪੁਜੀ ਹੈ—

| | | | |
|---|---|---|---|
| ੧. ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ਲਈ | ੫੦੦/— | ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਲੋਂ |
| ੨. ਗੁਰਬਾਣੀ ਦੀ ਪਾਰਸ ਕਲਾ | ਲਈ | ੪੦੦/— | ਸ੍ਰੀ ਮਤੀ ਪ੍ਰੇਮ ਕੌਰ ਦੀ ਯਾਦ ਵਿਚ |
| ੩. ਉਮਰ ਕੈਦੀ ਦਾ ਸੁਪਨਾ | ਲਈ | ੨੫੦/— | ਸ੍ਰਦਾਰਨੀ ਤੇ ਸ੍ਰਦਾਰ ਪ੍ਰੀਤਮ ਸਿੰਘ ਬਉਹਾ ਵਲੋਂ |

ਹੁਣ ਚਾਰ ਟ੍ਰੈਕਟ ਹੋਰ ਛਾਪੇ ਜਾ ਰਹੇ ਹਨ, ਜੋ ਹੇਠ ਲਿਖੇ ਅਨੁਸਾਰ ਹਨ—

**ਅੰਮ੍ਰਿਤ ਕਲਾ, ਸਿਖ ਕੌਣ ਹੈ, ਕੋ ਵਿਰਲਾ ਗੁਰਮਤਿ ਚਲੈ ਜੀਉ, ਸੱਚੀਆਂ ਦਾੜ੍ਹੀਆਂ**

ਇਨ੍ਹਾਂ ਨਵੇਂ ਛਪਣ ਵਾਲੇ ਟ੍ਰੈਕਟਾਂ ਵਿਚ ਜੋ ਸਿੰਘ ਹਿੱਸਾ ਪਾਉਣਾ ਚਾਹੁਣ, ਉਹ 'ਸੂਰਾ' ਮਾਸਕ ਪੱਤਰ ਟ੍ਰੈਕਟਫੰਡ ਦੇ ਨਾਂ ਹੇਠ ਸਹਾਇਤਾ ਭੇਜ ਦੇਣ । ਘਟੋ ਘਟ ਢਾਈ ਸੌ ਰੁਪਏ ਭੇਜਣ ਵਾਲੇ ਸੱਜਣਾਂ ਦਾ ਨਾਂ ਟ੍ਰੈਕਟ ਵਿਚ ਵੀ ਛਪ ਜਾਏਗਾ । ਘਟ ਰਕਮ ਭੇਜਣ ਵਾਲਿਆਂ ਦੇ ਨਾਂ 'ਸੂਰਾ' ਮਾਸਕ ਪੱਤਰ ਵਿਚ ਛਪ ਜਾਣਗੇ ।


www.AKJ.Org

# ਇਹ ਜਗ ਮਿਠਾ ਅਗੇ ਕਿਨ੍ਹ ਡਿਠਾ ?

[ਵਲੋਂ—ਗਿ: ਦੀਦਾਰ ਸਿੰਘ ਜੀ, ਰੋਪੜ]

ਪ੍ਰਸਿਧ ਕਹਾਣੀ ਹੈ—ਇਕ ਵਾਰ ਮਾਨਸਰੋਵਰ ਦਾ ਹੰਸ ਉਡਦਾ ਉਡਦਾ ਸਾਹ ਲੈਣ ਲਈ ਇਕ ਖੂਹ ਉਤੇ ਆ ਬੈਠਾ। ਉਸ ਖੂਹ ਵਿਚ ਜੰਮੇ-ਪਲੇ ਡੱਡੂ ਨੇ ਉਸ ਨੂੰ ਵੇਖ ਕੇ ਪੁਛਿਆ ਕਿ ਭਰਾਵਾ ਕਿਥੋਂ ਆਇਆ ਹੈਂ? ਹੰਸ ਨੇ ਉਤਰ ਦਿਤਾ—ਮਾਨਸਰੋਵਰ ਤੋਂ।

ਡੱਡੂ ਹੰਸ ਨੂੰ ਪੁਛਣ ਲਗਾ ਕਿ ਮਾਨਸਰੋਵਰ ਕਿੰਨਾ ਕੁ ਵੱਡਾ ਹੈ ?

ਹੰਸ ਨੇ ਉਤਰ ਦੇਂਦਿਆਂ ਕਿਹਾ—ਬਹੁਤ ਵਡਾ।

ਡੱਡੂ ਨੇ ਖੂਹ ਵਿਚ ਛਾਲ ਮਾਰੀ ਅਤੇ ਖੂਹ ਦੇ ਘੇਰੇ ਦਾ ਤੀਜਾ ਹਿਸਾ ਤਰ ਕੇ ਪੁਛਣ ਲਗਾ ਕਿ ਮਾਨਸਰੋਵਰ ਇਤਨਾ ਕੁ ਵਡਾ ਹੋਵੇਗਾ ?

ਹੰਸ ਹਸ ਕੇ ਬੋਲਿਆ—ਨਹੀ ਭੋਲਿਆ, ਉਹ ਤਾਂ ਬਹੁਤ ਵਡਾ ਹੈ।

ਡੱਡੂ ਨੇ ਫਿਰ ਖੂਹ ਵਿਚ ਛਾਲ ਮਾਰੀ ਤੇ ਖੂਹ ਦੇ ਘੇਰੇ ਦਾ ਅੱਧਾ ਹਿਸਾ ਤਰ ਕੇ ਪੁਛਣ ਲਗਾ ਕਿ ਇਤਨਾ ਵਡਾ ਹੋਵੇਗਾ ?

ਮਾਨਸਰੋਵਰ ਦਾ ਹੰਸ ਉਸ ਦੀ ਮੂਰਖਤਾ ਵਲ ਵੇਖ ਕੇ ਹਸਿਆ ਅਤੇ ਕਹਿਣ ਲਗਾ—ਨਹੀਂ, ਉਹ ਤਾਂ ਬਹੁਤ ਹੀ ਵੱਡਾ ਹੈ।

ਡੱਡੂ ਨੇ ਤੀਜੀ ਵਾਰੀ ਖਿਝ ਕੇ ਛਾਲ ਮਾਰੀ ਤੇ ਖੂਹ ਦੇ ਸਾਰੇ ਘੇਰੇ ਤੋਂ ਤਰ ਕੇ ਔਖਾ ਜਿਹਾ ਹੋ ਕੇ ਹੰਸ ਤੋਂ ਪੁਛਣ ਲਗਾ ਕਿ ਹੁਣ ਦਸ ? ਇਸ ਨਾਲੋਂ ਵਡਾ ਤਾਂ ਕੀ ਹੋਣਾ ਹੈ ?

ਹੰਸ ਉਸ ਭੁਲੇਖੇ ਵਿਚ ਪਏ ਹੋਏ ਡੱਡੂ ਨੂੰ ਕਹਿਣ ਲਗਾ, ਕਿ "ਭੋਲਿਆ ਇਹੋ ਜਿਹੇ ਅਸੰਖਾਂ (ਬੇਅੰਤ) ਖੂਹ ਵੀ ਮਾਨਸਰੋਵਰ ਦਾ ਮੁਕਾਬਲਾ ਨਹੀਂ ਕਰ ਸਕਦੇ।"

ਹੰਸ ਦੀ ਇਹ ਗੱਲ ਸੁਣ ਕੇ ਡੱਡੂ, ਜਿਸ ਨੇ ਖੂਹ ਤੋਂ ਵਡੇ ਆਕਾਰ ਵਾਲਾ ਸਰੋਵਰ ਕਦੀ ਵੇਖਿਆ ਹੀ ਨਹੀਂ ਸੀ, ਕਹਿਣ ਲਗਾ—ਜਾਹ ਓਏ ਜਾਹ, ਤੂੰ ਝੂਠ ਬੋਲਦਾ ਹੈਂ। ਇਸ ਤੋਂ ਵਡਾ ਹੋਰ ਸਰੋਵਰ ਹੋ ਹੀ ਨਹੀਂ ਸਕਦਾ।"

ਜਿਸ ਤਰ੍ਹਾਂ ਖੂਹ ਦੇ ਡੱਡੂ ਨੂੰ ਖੂਹ ਤੋਂ ਵਡਾ ਹੋਰ ਸਾਗਰ ਪ੍ਰਤੀਤ ਨਹੀਂ ਹੁੰਦਾ ਅਤੇ ਜੇ ਕੋਈ ਉਸ ਨੂੰ ਮਾਨਸਰੋਵਰ ਜਾਂ ਸਮੁੰਦਰ ਬਾਰੇ ਦਸੇ ਤਾਂ ਵੀ ਉਹ ਉਸ ਨੂੰ ਝੂਠ ਹੀ ਕਹਿੰਦਾ ਹੈ, ਇਸੇ ਤਰ੍ਹਾਂ ਅਸਾਂ ਦੁਨੀਆਦਾਰਾਂ ਨੂੰ ਵੀ ਇਸ ਦੁਨੀਆ ਬਾਰੇ ਜਾਂ ਦਿਸਣ ਵਾਲੀਆਂ ਚੀਜ਼ਾਂ ਦਾ ਹੀ ਕੁਝ ਪਤਾ ਹੈ। ਜੇ ਕੋਈ ਸਾਨੂੰ ਇਸ ਦੁਨੀਆ ਤੋਂ ਅਗੇ ਕਿਸੀ ਹੋਰ ਦੁਨੀਆ ਬਾਰੇ ਜਾਂ ਖੂਹ ਦੇ ਡੱਡੂ ਦੀ ਤਰ੍ਹਾਂ ਨਾ ਦਿਸਣ ਵਾਲੀਆਂ ਚੀਜ਼ਾਂ ਬਾਰੇ ਕੋਈ ਦਸਦਾ ਹੈ ਤਾਂ ਅਸੀਂ ਛੇਤੀ ਵਿਸ਼ਵਾਸ ਨਹੀਂ ਕਰਦੇ।

ਅਸਲ ਵਿਚ ਜੇ ਸੋਚਿਆ ਜਾਏ ਤਾਂ ਸਾਨੂੰ ਇਸ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਦਾ ਵੀ ਨਹੀਂ ਪਤਾ। ਸਾਨੂੰ ਕੇਵਲ ਆਪਣੇ ਆਪਣੇ ਸੰਬੰਧ ਰਖਣ ਵਾਲੀਆਂ ਵਸਤਾਂ ਬਾਰੇ ਹੀ ਕੁਝ ਪਤਾ ਹੁੰਦਾ ਹੈ। ਜਿਵੇਂ ਕਿਸਾਨ ਨੂੰ ਖੇਤੀ ਬਾਰੇ, ਵਪਾਰੀ ਨੂੰ ਵਪਾਰ ਬਾਰੇ, ਨੌਕਰੀ ਕਰਨ ਵਾਲੇ ਨੂੰ ਆਪਣੇ ਆਪਣੇ ਪੇਸ਼ੇ (ਕੰਮ) ਬਾਰੇ ਥੋੜਾ ਬਹੁਤ ਗਿਆਨ ਹੁੰਦਾ ਹੈ। ਇਕ ਪੇਸ਼ੇ ਵਾਲੇ ਨੂੰ ਦੂਜੇ ਦੇ ਕੰਮ ਬਾਰੇ ਬਹੁਤ ਘੱਟ ਜਾਂ ਬਿਲਕੁਲ ਨਹੀਂ ਪਤਾ ਹੁੰਦਾ। ਇਸੇ ਤਰ੍ਹਾਂ ਆਮ ਦੁਨੀਆਦਾਰਾਂ ਨੂੰ ਅਗਲੀ ਦੁਨੀਆ ਦਾ ਕੁਝ ਪਤਾ ਨਹੀਂ ਹੁੰਦਾ।

ਅਸੀਂ ਆਪਣੇ ਆਪਣੇ ਕੰਮਾਂ ਕਾਜਾਂ ਵਿਚ ਗ਼ਲਤਾਨ ਹਾਂ। ਸਾਨੂੰ ਰਾਤ ਦਿਨ ਇਹੋ ਚਿੰਤਾ ਤੇ ਫ਼ਿਕਰ ਰਹਿੰਦਾ ਹੈ ਅਤੇ ਇਹੋ ਸੋਚਾਂ ਸੋਚਦੇ ਰਹਿੰਦੇ ਹਾਂ ਕਿ ਕਿਹੜਾ ਤਰੀਕਾ, ਕਿਹੜਾ ਯਤਨ ਜਾਂ ਉਪਰਾਲਾ ਕੀਤਾ ਜਾਏ, ਜਿਸ ਨਾਲ ਹੋਰ ਧਨ, ਹੋਰ ਪੈਸਾ ਜਾਂ ਹੋਰ ਇੱਜ਼ਤ ਮਿਲ ਸਕੇ। ਬਸ, ਇਹੋ ਕੁਝ ਸਾਨੂੰ ਪਤਾ ਹੈ।

ਇਸ ਤਰ੍ਹਾਂ ਇਕ ਦੁਨੀਆਦਾਰ ਦੀ ਦ੍ਰਿਸ਼ਟੀ ਦੁਨਿਆਵੀ ਪਦਾਰਥਾਂ ਤਕ ਹੀ ਸੀਮਤ ਰਹਿੰਦੀ ਹੈ। ਸਾਡੇ ਵਰਗੇ ਦੁਨਿਆਵੀ ਲੋਕਾਂ ਨੂੰ ਵੇਹਲ ਹੀ ਨਹੀਂ



www.AKJ.Org

ਕਿ ਆਪੋ ਆਪਣੇ ਵਣਜ-ਵਪਾਰ ਜਾਂ ਕੰਮ-ਕਾਜ ਵਿਚੋਂ ਸਮਾਂ ਕਢ ਕੇ ਕੁਝ ਅਣਡਿੱਠੀ ਦੁਨੀਆ ਬਾਰੇ ਪੜ੍ਹੀਏ-ਸੁਣੀਏ। ਇਸ ਅਣਡਿੱਠੀ ਦੁਨੀਆ, ਜਿਸ ਨੂੰ ਪਰਲੋਕ (ਅਗਲਾ ਲੋਕ) ਕਿਹਾ ਜਾਂਦਾ ਹੈ, ਬਾਰੇ ਉਹੋ ਕੁਝ ਦਸ ਸਕਦਾ ਹੈ ਜਿਸ ਨੇ ਅਗਲੀ ਦੁਨੀਆ ਨੂੰ ਵੇਖਿਆ ਹੋਵੇਗਾ।

ਇਹ ਅਸੀਂ ਸਾਰੇ ਮੰਨਦੇ ਅਤੇ ਕਹਿੰਦੇ ਹਾਂ ਕਿ ਸਾਡੇ ਗੁਰੂ ਸਾਹਿਬਾਨ ਦੀ ਦ੍ਰਿਸ਼ਟੀ ਸਾਡੇ ਸੰਸਾਰੀ ਲੋਕਾਂ ਦੀ ਦ੍ਰਿਸ਼ਟੀ ਤੋਂ ਬਹੁਤ ਉਤਾਂਹ ਸੀ। ਉਹ ਇਸ ਲੋਕ ਅਤੇ ਅਗਲੇ ਲੋਕ ਬਾਰੇ ਸਭ ਜਾਣਦੇ ਸਨ। ਇਸੇ ਕਰਕੇ ਜਿਥੇ ਉਨ੍ਹਾਂ ਨੇ ਸਾਨੂੰ ਹਰ ਪੱਖ ਤੋਂ ਉਚਾ ਉਠਾਉਣ ਦੇ ਸਭ ਯਤਨ ਕੀਤੇ, ਉਥੇ ਕੁਝ ਕੁ ਅਗਲੀ ਦੁਨੀਆ ਬਾਰੇ ਵੀ ਦਸ ਗਏ ਹਨ ਤਾਂ ਜੁ ਜਿਹੜੇ ਲੋਕ ਕਹਿੰਦੇ ਹਨ ਕਿ—"ਇਹ ਜਗ ਮਿੱਠਾ, ਅਗੇ ਕਿਨ੍ਹ ਡਿਠਾ?" ਉਨ੍ਹਾਂ ਨੂੰ ਪਤਾ ਲਗ ਜਾਏ ਕਿ ਅਗਲਾ ਜਗ (ਅਗਲੀ ਦੁਨੀਆ) ਕਿਹੋ ਜਿਹੀ ਹੈ।

ਮਹਾਰਾਜ ਆਪਣੀ ਬਾਣੀ ਵਿਚ ਲਿਖ ਗਏ ਹਨ ਕਿ ਕਿਸ ਤਰ੍ਹਾਂ ਅਗੇ ਲੇਖਾ-ਪਤਾ ਹੁੰਦਾ ਹੈ ਅਤੇ ਹਿਸਾਬ ਕਿਤਾਬ ਹੋਣ ਤੇ ਪਾਪੀਆਂ (ਦੋਸ਼ੀਆਂ) ਨੂੰ ਕਿਸ ਤਰ੍ਹਾਂ ਦੀਆਂ ਸਜ਼ਾਵਾਂ ਮਿਲਦੀਆਂ ਹਨ ਅਤੇ ਭਲੇ ਪੁਰਸ਼ਾਂ ਨੂੰ ਕਿਸ ਤਰ੍ਹਾਂ ਦਾ ਪਿਆਰ ਤੇ ਸਤਿਕਾਰ ਮਿਲਦਾ ਹੈ?

ਗੁਰੂ ਸਾਹਿਬ ਦਾ ਫੁਰਮਾਨ ਹੈ—

ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ
ਨਾਨਕੁ ਆਖਿ ਸੁਣਾਵੈ ॥ [ਪੰਨਾ ੩੭੩

ਭਾਵ: ਗੁਰੂ ਨਾਨਕ ਪਾਤਸ਼ਾਹ ਉਹੋ ਕੁਝ ਕਹਿ ਕੇ (ਆਖ ਕੇ) ਸੁਣਾ ਰਹੇ ਹਨ ਜੋ ਪਰਮੇਸ਼ਰ ਦੇ ਦੁਆਰੇ ਬੀਤਦੀ ਹੈ।

ਪੰਨਾ ੩੧੬ ਉਤੇ ਲਿਖਿਆ ਹੋਇਆ ਹੈ—

ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ
ਸੁਣਾਇਆ ॥ ਸੋ ਬੁਝੈ ਜੁ ਦਯਿ ਸਵਾਰਿਆ ॥

ਜੋ ਕੁਝ ਹਰੀ-ਪ੍ਰਭੂ ਦੇ ਦਰ (ਅਗਲੇ ਲੋਕ) ਵਿਚ ਵਰਤਦਾ ਹੈ, ਉਹੋ ਹੀ ਗੁਰੂ ਨਾਨਕ ਪਾਤਸ਼ਾਹ ਸੁਣਾਉਂਦੇ ਹਨ। ਪਰ ਗੁਰੂ ਸਾਹਿਬ ਦੀ ਦਸੀ ਹੋਈ ਇਹ ਗੱਲ ਉਹੋ ਹੀ ਸੁਣਦਾ ਅਤੇ ਸਮਝਦਾ ਹੈ ਜੋ ਪਰਮੇਸਰ ਦਾ ਸੰਵਾਰਿਆ ਹੋਇਆ ਹੋਵੇ। ਵਿਗੜੇ ਹੋਏ ਲੋਕ ਤਾਂ ਗੁਰੂ ਦੀ ਗੱਲ ਨਾ ਸੁਣਦੇ ਹਨ ਨਾ ਮੰਨਦੇ ਹਨ।

ਜੋ ਗੁਰੂ ਸਾਹਿਬ ਦੀ ਗੱਲ ਸੁਣਨਾ ਚਾਹੁੰਦੇ ਹਨ ਉਨ੍ਹਾਂ ਦੀ ਯਾਦਾਸ਼ਤ ਲਈ ਲਿਖਿਆ ਜਾਂਦਾ ਹੈ। ਗੁਰੂ ਸਾਹਿਬ ਪੰਨਾ ੯੫੩ ਤੇ ਲਿਖ ਗਏ ਹਨ:

ਨਾਨਕੁ ਆਖੈ ਰੇ ਮਨਾ, ਸੁਣੀਐ ਸਿਖ ਸਹੀ ॥
ਲੇਖਾ ਰਬ ਮੰਗੇਸੀਆ, ਬੈਠਾ ਕਢਿ ਵਹੀ ॥

ਅਰਥ: ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹੇ ਮਨ! ਸਹੀ (ਸਚੀ) ਸਿਖਿਆ ਸੁਣ ਕਿ ਰੱਬ ਵਹੀ ਕਢ ਕੇ ਬੈਠਾ ਹੋਇਆ ਹੈ ਤੇ ਅੰਤ ਵੇਲੇ ਲੇਖਾ ਮੰਗੇਗਾ।

ਅਗੇ ਲਿਖਿਆ ਹੋਇਆ ਹੈ—

ਤਲਬਾ ਪਉਸਨਿ ਆਕੀਆ, ਬਾਕੀ ਜਿਨਾ
ਰਹੀ ॥ ਅਜਰਾਈਲੁ ਫਰੇਸ਼ਤਾ ਹੋਸੀ
ਆਇ ਤਈ ॥

ਅਜਰਾਈਲ ਫਰੇਸਤਾ—ਮੌਤ ਦਾ ਫ਼ਰਿਸ਼ਤਾ। ਤਈ—ਤਾਈਨਾਤ (ਨੀਅਤ ਜਾਂ ਮੁਕੱਰਰ)। ਜਿਹੜੇ ਨਾਮ (ਜਪਣ) ਤੋਂ ਆਕੀ (ਬਾਗ਼ੀ) ਹਨ, ਭਾਵ ਜਿਹੜੇ ਨਾਮ ਨਹੀਂ ਜਪਦੇ ਉਨ੍ਹਾਂ ਨੂੰ ਬਾਕੀ ਦੇਣ ਲਈ ਅਵਾਜ਼ਾਂ ਪੈਣਗੀਆਂ ਅਤੇ ਉਨ੍ਹਾਂ ਉਪਰ ਜਮਦੂਤ ਮੁਕੱਰਰ ਹੋਣਗੇ।

ਆਸਾ ਦੀ ਵਾਰ ਵਿਚ ਪੰਨਾ ੪੬੩ ਉਤੇ ਲਿਖਿਆ ਹੈ:

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ
ਧਰਮੁ ਬਹਾਲਿਆ ॥ ਓਥੈ ਸਚੇ ਹੀ ਸਚਿ
ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ
ਦੋਜਕਿ ਚਾਲਿਆ ॥

ਅਰਥਾਤ: "ਨਾਨਕ" ਮੁਹਰ ਛਾਪ ਹੇਠ ਸਤਿਗੁਰੂ ਜੀ ਪ੍ਰਾਣੀ ਮਾਤਰ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ ਕਿ ਸਿਰਜਨਹਾਰ ਵਾਹਿਗੁਰੂ ਨੇ ਜੀਅ ਪੈਦਾ ਕਰ ਕੇ ਉਨ੍ਹਾਂ ਦੇ ਲੇਖੇ (ਹਿਸਾਬ) ਲੈਣ ਲਈ


www.AKJ.Org

ਧਰਮਰਾਜ ਨੂੰ ਬਿਠਾਇਆ ਹੋਇਆ ਹੈ। ਉਥੇ ਸੱਚ ਦੀ ਕਸਵੱਟੀ ਉਤੇ ਸੱਚੇ ਹੀ ਨਿਬੜਦੇ ਹਨ। ਝੂਠੇ ਪਾਪੀਆਂ ਨੂੰ ਵਖਰਾ ਕਢ ਦਿਤਾ ਜਾਂਦਾ ਹੈ। ਅਰਥਾਤ ਉਨ੍ਹਾਂ ਨੂੰ ਕੋਈ ਥਾਂ ਨਹੀਂ ਮਿਲਦੀ। ਸਗੋਂ ਉਨ੍ਹਾਂ ਦਾ ਮੂੰਹ ਕਾਲਾ ਕਰ ਕੇ ਨਰਕਾਂ ਨੂੰ ਭੇਜ ਦਿਤਾ ਜਾਂਦਾ ਹੈ।

ਓਥੈ ਦਾ ਮਤਲਬ ਸਪੱਸ਼ਟ ਹੈ ਕਿ ਅਗੇ ਜਾਂ ਅਗਲਾ ਲੋਕ।

ਹੋਰ ਦੇਖੋ :

ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ
ਕਰਿ ਸਮਝਾਇਆ ॥ [ਪੰਨਾ ੪੬੪

ਅਗੇ ਭਾਵ ਪਰਲੋਕ ਵਿਚ ਮਨੁੱਖ ਦੀ ਕਰਨੀ ਕਮਾਈ ਅਤੇ ਕੀਰਤ ਹੀ ਵਾਚੀ ਜਾਂਦੀ ਹੈ ਅਤੇ ਬਹਾ ਕੇ, ਸਮਝਾ ਕੇ ਲੇਖਾ ਕੀਤਾ ਜਾਂਦਾ ਹੈ। ਐਵੇਂ ਜ਼ਬਰਦਸਤੀ ਜਾਂ ਲਿਹਾਜ਼ ਜਾਂ ਵਿਤਕਰਾ ਨਹੀਂ ਕੀਤਾ ਜਾਂਦਾ।

ਜਦੋਂ ਅਗੇ ਲੇਖਾ (ਹਿਸਾਬ ਕਿਤਾਬ) ਹੁੰਦਾ ਹੈ ਤਾਂ ਉਸ ਵੇਲੇ ਕੀਤੇ ਹੋਏ ਚੰਗੇ ਜਾਂ ਮਾੜੇ ਕੰਮ ਅਨੁਸਾਰ ਹੀ ਮਨੁੱਖ ਦੀ ਰੂਹ ਨੂੰ ਦੰਡ ਮਿਲਦਾ ਹੈ। ਜਿਵੇਂ :

ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ
ਆਪੇ ਹੀ ਖਾਵੈ ॥੨॥੪॥੬॥ (ਪੰਨਾ ੬੬੨)

ਆਸਾ ਦੀ ਵਾਰ ਵਿਚ ਲਿਖਿਆ ਹੋਇਆ ਹੈ :

ਕੀਤਾ ਆਪੋ ਆਪਣਾ, ਆਪੇ ਹੀ ਲੇਖਾ
ਸੰਢੀਐ ॥੧੯॥

ਪੰਨਾ ੯੫੨ ਉਤੇ ਲਿਖਿਆ ਹੋਇਆ ਹੈ :—

ਸਭਨਾ ਕਾ ਦਰਿ ਲੇਖਾ ਹੋਇ ॥
ਕਰਣੀ ਬਾਝਹੁ ਤਰੈ ਨ ਕੋਇ ॥੨॥ (੧੧)

ਗੁਰੂ ਸਾਹਿਬ ਦੇ ਕਥਨ ਅਨੁਸਾਰ ਸਾਰਿਆਂ ਦਾ ਉਸ ਦਰਗਾਹ ਵਿਚ ਲੇਖਾ ਹੋਵੇਗਾ ਅਤੇ ਕਰਨੀ ਤੋਂ ਬਗੈਰ ਕੋਈ ਨਹੀਂ ਤਰ ਸਕੇਗਾ। ਅਸੀਂ ਜਪੁਜੀ ਸਾਹਿਬ ਵਿਚ ਰੋਜ਼ ਪੜ੍ਹਦੇ ਹਾਂ :—

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ, ਕੇ ਨੇੜੈ ਕੇ ਦੂਰਿ ॥

**ਇਹੋ ਜਿਹੀਆਂ ਹੋਰ ਬੇਅੰਤ ਗੁਰਬਾਣੀ ਦੀਆਂ ਪੰਗਤੀਆਂ ਐਸੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੀਆਂ ਮੌਜੂਦ ਹਨ ਜਿਨ੍ਹਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਅਗੇ ਸਾਨੂੰ ਲੇਖਾ ਦੇਣਾ ਪਵੇਗਾ।**

ਜਿਹੜੇ ਲੋਕ ਫਿਰ ਵੀ ਮਨ-ਮਾਨੀਆਂ ਅਤੇ ਗ਼ਲਤ ਕੰਮ ਕਰਦੇ ਹਨ ਉਨ੍ਹਾਂ ਬਾਰੇ ਵੀ ਮਹਾਰਾਜ ਕਈ ਉਪਦੇਸ਼ ਲਿਖ ਗਏ ਹਨ :—

ਧਰਮਰਾਇ ਜਬ ਪਕਰਸਿ ਬਵਰੇ
ਤਬ ਕਿਆ ਜਬਾਬੁ ਕਰੇਇ ॥੨॥ (ਪੰਨਾ ੭੭)

ਹੇ ਸੁਦਾਈ (ਪਾਗਲ) (ਪਾਪੀ ਮਨੁਖ)! ਜਦ ਧਰਮਰਾਇ ਤੈਨੂੰ ਪਕੜੇਗਾ ਤਾਂ ਕੀ ਜਵਾਬ ਦੇਵੇਂਗਾ?

ਅਗਲੀ ਦਰਗਾਹ ਦੇ ਜਾਣੂ ਗੁਰੂ ਸਾਹਿਬ ਪੰਨਾ ੧੪੨੫ ਤੇ ਲਿਖਦੇ ਹਨ—

ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ
ਮਥੇ ਧ੍ਰਮਰਾਇ ॥੯॥

ਜਿਹੜੇ ਪਾਪੀ ਲੋਕ ਇਸ ਦੁਨੀਆ ਵਿਚ ਭੈੜੇ ਕਰਮ ਕਮਾਂਵਦੇ ਹਨ ਉਹ ਉਥੇ "ਹਾਇ! ਹਾਇ" ਕਰਦੇ ਹਨ। "ਨਾਨਕ"! ਜਿਵੇਂ ਮਧਾਣੀਆਂ ਦੁੱਧ ਨੂੰ ਰਿੜਕਦੀਆਂ ਹਨ ਤਿਵੇਂ ਹੀ ਧਰਮਰਾਜ ਉਹਨਾਂ ਪਾਪੀਆਂ ਨੂੰ ਮਥ ਰਿਹਾ ਹੈ, ਭਾਵ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੋਧ ਰਿਹਾ ਹੈ।

ਗੁਰੂ ਸਾਹਿਬ ਮਨੁੱਖ ਨੂੰ ਚੇਤਾਵਨੀ ਦਿੰਦੇ ਹੋਏ ਕਹਿੰਦੇ ਹਨ ਕਿ ਹੇ ਜੀਵ! ਤੂੰ ਬੂਹੇ ਬੰਦ ਕਰ ਕੇ ਅਤੇ ਹੋਰ ਪੜਦਿਆਂ ਵਿਚ ਪਰਾਈਆਂ ਇਸਤ੍ਰੀਆਂ ਨਾਲ ਖੇਹ ਉਡਾ ਰਿਹਾ ਹੈਂ, ਜਦੋਂ ਤੇਰਾ ਲੇਖਾ ਚਿਤਰ ਗੁਪਤ ਮੰਗੇਗਾ ਤਾਂ ਉਸ ਵੇਲੇ ਤੇਰਾ ਪਰਦਾ ਕੌਣ ਢਕੇਗਾ? ਭਾਵ ਕੋਈ ਨਹੀਂ ਢਕ ਸਕੇਗਾ। ਪੰਗਤੀ ਇਸ ਤਰ੍ਹਾਂ ਹੈ—

ਦੇਇ ਕਿਵਾੜ ਅਨਿਕ ਪੜਦੇ ਮਹਿ ਪਰ-
ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤੁ ਜਬ ਲੇਖਾ
ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ
॥੩॥ [ਪੰਨਾ ੬੧੬

ਲੁਕ ਛਿਪ ਕੇ, ਵਲ-ਛਲ ਧੋਖਾ, ਹੇਰੀ ਫੇਰੀ ਕਰਨ ਵਾਲਿਆਂ ਬਾਰੇ ਮਹਾਰਾਜ ਲਿਖਦੇ ਹਨ ਕਿ ਹੇ ਜੀਵ! ਅੰਤਰਜਾਮੀ ਵਾਹਿਗੁਰੂ ਸਭ ਕੁਝ ਜਾਣਦਾ


www.AKJ.Org

ਹੈ ਜਦੋਂ ਲੇਖਾ ਹੋਵੇਗਾ ਤਾਂ ਤੂੰ ਤਿਲਾਂ ਵਾਂਗ ਘਾਣੀ ਵਿਚ ਪੀੜਿਆ ਜਾਏਂਗਾ । ਜਿਵੇਂ—

ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥ ਲੇਖਾ ਧਰਮ ਭਇਆ, ਤਿਲ ਪੀੜੇ ਘਾਣੀ ਰਾਮ ॥੨॥੭॥ [ਪੰਨਾ ੫੪੬

ਪੰਨਾ ੧੧੦੬ ਤੇ ਲਿਖਿਆ ਹੋਇਆ ਹੈ—

ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨਾ ਬਸਾਹਿਗਾ ॥ ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥੨॥ ਧਰਮਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੇ ਜਾਹਿਗਾ ॥੩॥੧॥

ਮਹਾਰਾਜ ਸਾਨੂੰ ਗੁਰਬਾਣੀ ਰਾਹੀਂ ਅਨੇਕਾਂ ਤਰੀਕਿਆਂ ਨਾਲ ਸਮਝਾਉਣ ਦਾ ਯਤਨ ਕਰਦੇ ਹਨ ਕਿ ਅਸੀਂ ਮਾੜੀਆਂ ਗੱਲਾਂ ਛਡੀਏ ਅਤੇ ਚੰਗੀਆਂ ਗੱਲਾਂ ਦੇ ਨਾਲ ਨਾਲ ਪ੍ਰਭੂ-ਭਗਤੀ ਕਰੀਏ। ਇਉਂ ਸੇਵਾ ਅਤੇ ਸਿਮਰਨ ਕਰਦੇ ਹੋਇਆਂ ਆਪਣੇ ਕੀਮਤੀ ਮਨੁੱਖਾ ਜਨਮ ਨੂੰ ਸਫਲ ਕਰੀਏ।

**ਪਰ ਅਸੀਂ ਦੁਨੀਆ ਦੇ ਪਦਾਰਥਾਂ ਵਿਚ ਐਸੇ ਖਚਤ ਹੋਏ ਹੋਏ ਹਾਂ ਕਿ ਸਾਨੂੰ ਮਰਨਾ ਭੁਲ ਹੀ ਗਿਆ ਹੈ ਅਤੇ ਇਹ ਸੁਝਦਾ ਹੀ ਨਹੀਂ ਕਿ ਅਗੇ ਲੇਖਾ ਵੀ ਦੇਣਾ ਪਵੇਗਾ।**

ਸਾਡੀਆਂ ਗ਼ਲਤ ਆਦਤਾਂ ਵਿਚੋਂ ਇਕ ਵਡੀ ਗ਼ਲਤ ਆਦਤ ਇਹ ਵੀ ਹੈ ਕਿ ਅਸੀਂ ਆਪਣਾ ਜਾਇਜ਼ ਜਾਂ ਨਜਾਇਜ਼ ਕੰਮ ਕਢਵਾਉਣ ਲਈ ਕਈ ਗ਼ਲਤ ਤਰੀਕੇ ਵਰਤ ਕੇ ਆਪਣੀ ਜ਼ਮੀਰ ਨੂੰ ਵੀ ਖ਼ਤਮ ਕਰਨ ਤੋਂ ਸੰਕੋਚ ਨਹੀਂ ਕਰਦੇ।

ਵਢੀ ਦਾ ਮਤਲਬ ਕੇਵਲ ਪੈਸਾ ਦੇਣਾ ਜਾਂ ਲੈਣਾ ਹੀ ਨਹੀਂ, ਸਗੋਂ ਸ਼ਰਾਬ ਆਦਿ ਕਿਸੀ ਹੋਰ ਚੀਜ਼ ਨੂੰ ਕੰਮ ਕਢਾਉਣ ਦੇ ਬਦਲੇ ਵਿਚ ਦੇਣਾ ਜਾਂ ਲੈਣਾ ਵਢੀ ਹੀ ਕਿਹਾ ਜਾਂਦਾ ਹੈ। (ਰਿਸ਼ਵਤ) ਵਢੀ ਦੇ ਕੇ ਜਾਂ ਵਢੀ ਲੈ ਕੇ ਕੰਮ ਕਰਨ ਕਰਵਾਉਣ ਦਾ ਗ਼ਲਤ ਤਰੀਕਾ ਸਾਡੇ ਅੰਦਰ ਐਸਾ ਧਸ ਗਿਆ ਹੈ, ਘਰ ਕਰ ਗਿਆ ਹੈ ਕਿ ਹੁਣ ਸਾਨੂੰ ਇਹ ਭੈੜਾ ਲਗਦਾ ਹੀ ਨਹੀਂ। ਅਸੀਂ ਇਹ ਤਰੀਕਾ ਅਗੇ (ਅੰਤ ਵੇਲੇ) ਵੀ ਅਪਣਾਉਣ ਦੀ ਵੀ ਕੋਸ਼ਿਸ਼ ਕਰਦੇ ਹਾਂ।

ਮਨੁੱਖ ਦੀ ਜਮਦੂਤਾਂ ਨੂੰ ਵਢੀ ਦੇਣ ਦੀ ਇਕ ਘਟਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਲਿਖੀ ਹੋਈ ਹੈ—

ਅਮਲੁ ਸਿਰਾਨੋ ਲੇਖਾ ਦੇਨਾ ॥ ਆਇ ਕਠਿਨ ਦੂਤ ਜਮ ਲੇਨਾ ॥ ਕਿਆ ਤੈ ਖਟਿਆ ਕਹਾ ਗਵਾਇਆ ॥ ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥ ਚਲੁ ਦਰਹਾਲੁ ਦੀਵਾਨਿ ਬੁਲਾਇਆ ॥ ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ ਰਹਾਉ॥ ਕਰਉ ਅਰਦਾਸਿ ਗਾਵ ਕਿਛੁ ਬਾਕੀ ॥ ਲੇਉ ਨਿਬੇਰਿ ਆਜੁ ਕੀ ਰਾਤੀ ॥ ਕਿਛੁ ਭੀ ਖਰਚੁ ਤੁਮਾਰਾ ਸਾਰਉ ॥ ਸੁਬਹ ਨਿਵਾਜ ਸਰਾਇ ਗੁਜਾਰਉ ॥੨॥ [ਪੰਨਾ ੭੯੨

ਭਾਵ—ਕੀਤੇ ਹੋਏ ਕੰਮਾਂ (ਅਮਲਾਂ) ਦਾ ਲੇਖਾ ਦੇਣਾ ਪੈਂਦਾ ਹੈ। ਜਦ ਕਰੜੇ ਜਮਦੂਤ ਲੈਣ ਲਈ ਆ ਕੇ (ਮਨੁਖ ਨੂੰ) ਕਹਿੰਦੇ ਹਨ ਕਿ ਛੇਤੀ ਤੁਰ, ਧਰਮ ਰਾਜ ਨੇ ਬੁਲਾਇਆ ਹੈ। ਉਥੇ ਲੇਖਾ ਹੋਣਾ ਹੈ ਕਿ ਤੂੰ ਇਸ ਸੰਸਾਰ ਵਿਚ ਕੀ ਖਟਿਆ ਅਤੇ ਕੀ ਗਵਾਇਆ ਹੈ।

ਵਢੀ ਦੇ ਕੇ ਕੰਮ ਕਰਾਉਣ ਵਲੀ ਆਦਤ ਅਨੁਸਾਰ ਇਹ ਬੰਦਾ ਉਸ ਵੇਲੇ ਜਮਾਦੂਤਾਂ ਨੂੰ ਵੀ ਕਹਿੰਦਾ ਹੈ, ਮੈਂ ਅਰਦਾਸ (ਬੇਨਤੀ) ਕਰਦਾ ਹਾਂ ਕਿ ਕੁਝ ਪਿੰਡਾਂ ਦੀ ਉਗਰਾਹੀ ਬਾਕੀ ਕਰਨੀ ਰਹਿ ਗਈ ਹੈ। ਅਜ ਦੀ ਰਾਤ ਵਿਚ ਉਹ ਨਿਬੇੜ ਲਵਾਂਗਾ (ਤਾਂ ਕਿ ਮੇਰੀ ਸੰਤਾਨ ਨੂੰ ਉਗਰਾਹੀ ਕਰਨ ਦੀ ਤਕਲੀਫ਼ ਨਾ ਹੋਵੇ) ਅਤੇ ਮੈਂ ਤੁਹਾਡੇ ਨਾਲ ਵਾਇਦਾ ਕਰਦਾ ਹਾਂ ਕਿ ਸਵੇਰ ਦੀ ਨਿਮਾਜ਼ ਰਾਹ ਵਿਚ ਤੁਹਾਡੇ ਨਾਲ ਪੜ੍ਹਾਂਗਾ। ਕੇਵਲ ਰਾਤ ਦੀ ਰਾਤ ਮੈਨੂੰ ਦੇਵੋ, ਮੈਂ ਸਵੇਰੇ ਤੁਹਾਡੇ ਨਾਲ ਤੁਰ ਪਵਾਂਗਾ। ਇਸ ਰਾਤ ਦੀ ਮੁਹਲਤ ਲਈ ਜੋ ਵੀ ਤੁਸੀਂ (ਵਢੀ) ਮੰਗੋ, ਮੈਂ ਦੇਣ ਲਈ ਤਿਆਰ ਹਾਂ।

ਉਤਲੀ ਗੱਲ ਸੁਣ ਕੇ ਜਮਦੂਤਾਂ ਨੇ ਜੋ ਉਤਰ ਦਿਤਾ ਉਹ 'ਰਹਾਉ' ਦੀ ਤੁਕ ਵਿਚ ਸਪੱਸ਼ਟ ਕੀਤਾ ਹੈ ਕਿ ਇਸੇ ਹਾਲਤ ਵਿਚ ਚਲ ਤੇ ਹੁਣ ਹੀ ਚਲ।

[ਬਾਕੀ ਸਫ਼ਾ ੧੯ ਦੇ ਹੇਠ]



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ

[ਵਲੋਂ:-ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

ਮੇਜਰ ਪ੍ਰੇਮ ਸਿੰਘ ਜੀ ਮੈਂਬਰ ਭਾਈ ਵੀਰ ਸਿੰਘ ਜੀ ਸਾਹਿੱਤ ਸਦਨ, ਦਿਲੀ ਸਾਡੇ ਪਾਸ ਆਏ। ਉਨ੍ਹਾਂ ਦੀ ਆਗਿਆ ਅਨੁਸਾਰ ਭਾਈ ਸਾਹਿਬ ਵੀਰ ਸਿੰਘ ਜੀ ਦੀਆਂ "ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ" ਅਤੇ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ" ਦੋਹਾਂ ਪੁਸਤਕਾਂ ਵਿਚੋਂ ਇਕ ਇਕ ਦੋ ਦੋ ਸਫ਼ੇ ਅਸੀਂ ਪਾਠਕਾਂ ਦੀ ਭੇਟ ਕਰਦੇ ਰਹਾਂਗੇ। —ਸੰਪਾਦਕ

## ੧. ਸਾਡੇ ਸੋਹਣੇ ਗੁਰੂ ਜੀ ਦਾ ਘਰ ਬਾਰ—

ਸਾਡੇ ਸੋਹਣੇ ਗੁਰੂ ਜੀ ਦਾ ਨਾਉਂ ਸ੍ਰੀ ਗੁਰੂ ਨਾਨਕ ਦੇਵ ਜੀ ਹੈ। ਸ੍ਰੀ ਗੁਰੂ ਜੀ ਅਜ ਤੋਂ ਲਗਪਗ ੫੦੦ ਵਰਹੇ ਬੀਤੇ ਹਨ ਤਾਂ ਇਸ ਦੁਨੀਆਂ ਵਿਚ ਆਏ ਸਨ। ਤਦੋਂ ਇਥੇ ਬਹਿਲੋਲ ਲੋਧੀ ਦਾ ਰਾਜ ਸੀ। ਜੇ ਹਿਸਾਬ ਸਿਰ ਗੱਲ ਕਰੀਏ ਤਾਂ ਤਦੋਂ ਸੰਮਤ ਸੀ ੧੫੨੬ ਬਿਕ੍ਰਮੀ। ਗੁਰੂ ਜੀ ਦੇ ਰਬ ਜੀ ਦੇ ਪਾਸੋਂ ਦੁਨੀਆਂ ਵਿਚ ਆਉਣ ਨੂੰ 'ਅਵਤਾਰ ਹੋਣਾ' ਆਖੀਦਾ ਹੈ। ਰਬ ਜੀ ਨੇ ਉਹਨਾਂ ਨੂੰ ਘੱਲਿਆ ਸੀ ਜੋ ਉਹ ਲੋਕਾਂ ਨੂੰ ਭਲੇ ਕੰਮਾਂ ਵਿਚ ਲਾਉਣ, ਆਪੋ ਵਿਚ ਪਿਆਰ ਕਰਨਾ ਸਿਖਾਲਣ ਤੇ ਰਬ ਜੀ ਨਾਲ ਬੀ ਪਿਆਰ ਕਰਨ ਦੀ ਸੁਹਣੀ ਮਤਿ ਦੇਣ।

ਜਿਸ ਪਿੰਡ ਆਪ ਜੀ ਦਾ ਅਵਤਾਰ ਹੋਇਆ ਉਸ ਦਾ ਨਾਉਂ ਸੀ 'ਰਾਇ ਭੋਇ ਦੀ ਤਲਵੰਡੀ'। ਇਹ ਥਾਂ ਲਾਹੌਰ ਤੋਂ ਲਹਿੰਦੇ ਵਲ ਨੂੰ ਹੈ ਕੋਈ ੧੭ ਯਾ ੨੦ ਕੋਹ ਦੀ ਵਿੱਥ ਉਤੇ†।

†ਤਲਵੰਡੀ ਦਾ ਪਹਿਲਾ ਨਾਉਂ ਸੀ ਰਾਇ ਪੁਰ, ਫੇਰ ਪਿਆ ਰਾਇ ਭੋਇ ਦੀ ਤਲਵੰਡੀ। ਹੁਣ ਇਸਨੂੰ ਆਖਦੇ ਹਨ 'ਨਾਨਕਿਆਣਾ ਸਾਹਿਬ'। ਇਹ ਸ਼ਰਕ ਪੁਰ ਦੇ ਪਰਗਨੇ ਜ਼ਿਲਾ ਸ਼ੇਖੂ ਪੁਰਾ (ਪਾਕਸਤਾਨ) ਵਿਚ ਹੈ।

ਗੁਰੂ ਜੀ ਦੀ ਮਾਤਾ ਜੀ ਦਾ ਨਾਉਂ ਸੀ ਬੀਬੀ ਤ੍ਰਿਪਤਾ ਜੀ, ਅਤੇ ਪਿਤਾ ਜੀ ਦਾ ਨਾਉਂ ਸੀ ਮਹਿਤਾ ਕਾਲੂ ਰਾਮ ਜੀ, ਪਰ ਲੋਕੀ ਬੁਲਾਉਂਦੇ 'ਕਾਲੂ ਜੀ' ਕਰਕੇ ਹੀ ਸਨ। ਆਪ 'ਖਤ੍ਰੀ' ਸਨ ਤੇ 'ਬੇਦੀ' ਕਹਾਉਂਦੇ ਸਨ।

ਕਾਲੂ ਜੀ ਕੀਹ ਕੰਮ ਕਰਦੇ ਸਨ? ਜਿਸ ਪਿੰਡ ਵਸਦੇ ਸਨ ਉਸ ਨਾਲ ਹੋਰ ਕਿਤਨੇ ਹੀ ਪਿੰਡ ਸਨ, ਇਹਨਾਂ ਨੂੰ 'ਤਪਾ' ਆਖਦੇ ਸਨ। ਇਸ ਤਪੇ ਦਾ ਇਕ ਰਾਇ ਸੀ। 'ਰਾਇ' ਛੋਟੇ ਰਾਜਾ ਨੂੰ ਆਖੀਦਾ ਹੈ। ਇਸ ਰਾਇ ਦਾ ਨਾਉਂ ਸੀ 'ਰਾਇ ਬੁਲਾਰ'। ਇਸ ਰਾਇ ਬੁਲਾਰ ਨੇ ਮਹਿਤਾ ਕਾਲੂ ਜੀ ਨੂੰ ਆਪਣਾ ਕਾਰਦਾਰ ਬਣਾਇਆ ਹੋਇਆ ਸੀ। ਕਾਰਦਾਰ ਆਖਦੇ ਹਨ ਜੋ ਜ਼ਮੀਨਾਂ ਦਾ ਤੇ ਹੋਰ ਹਿਸਾਬ ਲੇਖਾ ਰਖੇ ਤੇ ਲੈਣ ਦੇਣ ਦੇ ਕੰਮ ਭੁਗਤਾਵੇ, ਜੋ ਰਾਇ ਨੂੰ ਸਾਰੇ ਕੰਮ ਆਪ ਨਾ ਕਰਨੇ ਪੈਣ।

ਇਹ ਮਹਿਤਾ ਕਾਲੂ ਹੋਰ ਕੰਮ ਕਾਜ ਕਰਦਾ ਜ਼ਿਮੀਆਂ ਦੇ ਬੀ ਸਾਰੇ ਹਿਸਾਬ ਰਖਦਾ ਸੀ, ਇਸ ਕਰਕੇ ਇਸਨੂੰ ਪਟਵਾਰੀ ਬੀ ਆਖਦੇ ਸਨ। ਇਹ ਹੋਰ ਸਾਰੇ ਪਿੰਡਾਂ ਦੇ ਪਟਵਾਰੀਆਂ ਦਾ ਵਡਕਾ ਬੀ ਸੀ।

[ਸਫ਼ਾ ੧੭ ਦੀ ਬਾਕੀ]

ਵਾਹਿਗੁਰੂ ਦੀ ਕਚਹਿਰੀ ਦਾ ਫ਼ੁਰਮਾਨ (ਸੱਦਾ)ਆਇਆ ਹੈ। ਉਥੇ ਢਿਲ-ਮਠ ਦਾ ਸੁਆਲ ਹੀ ਨਹੀਂ ਪੈਦਾ ਹੋ ਸਕਦਾ। ਉਦੋਂ ਤਾਂ ਇਕ ਰਾਤ ਕੀ, ਇਕ ਪਲ ਵੀ ਹੋਰ ਰਹਿਣਾ ਨਹੀਂ ਮਿਲਦਾ। ਉਸੇ ਘੜੀ ਅਵੱਸ਼ ਜਾਣਾ ਪੈਂਦਾ ਹੈ ਅਤੇ ਧਰਮਰਾਜ ਦੇ ਪੇਸ਼ ਹੋਣਾ ਪੈਂਦਾ ਹੈ।

ਗੁਰੂ ਸਾਹਿਬ ਦੀਆਂ ਇਤਨੀਆਂ ਵਿਸਥਾਰ ਨਾਲ ਦਿਤੀਆਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਕੋਈ ਸ਼ਕ ਨਹੀਂ ਰਹਿੰਦਾ ਕਿ ਸਾਨੂੰ ਅਗੇ ਲੇਖਾ ਦੇਣਾ ਪਵੇਗਾ। ਚੰਗੇ ਅਤੇ ਮਾੜੇ ਕਰ ਰਹੇ ਕੰਮਾਂ ਦਾ ਹਿਸਾਬ ਅਗੇ ਹੋਵੇਗਾ ਅਤੇ ਜ਼ਰੂਰ ਹੋਵੇਗਾ। ਇਸ ਲਈ ਸਾਨੂੰ ਸੰਸਾਰ ਵਿਚ ਕੰਮ ਇਸ ਹਿਸਾਬ ਨਾਲ ਹੀ ਕਰਨੇ ਚਾਹੀਦੇ ਹਨ ਜਿਸ ਨਾਲ ਅਗੇ ਸ਼ਰਮਿੰਦਗੀ ਨਾ ਉਠਾਣੀ ਪਵੇ ਜਾਂ ਜਮਾਂ ਦੀ ਮਾਰ ਨ ਖਾਣੀ ਪਵੇ। ਬਾਬਾ ਫ਼ਰੀਦ ਜੀ ਵੀ ਇਹੋ ਉਪਦੇਸ਼ ਦੇਂਦੇ ਹਨ :—

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ
ਵਿਸਾਰਿ ॥ ਮਤੁ ਸਰਮਿੰਦਾ ਥੀਵਹੀ ਸਾਂਈ ਦੈ
ਦਰਬਾਰਿ ॥੫੯॥ [ਸਲੋਕ ਫਰੀਦ ਜੀ



www.AKJ.Org

ਮਹਿਤਾ ਕਾਲੂ ਦੇ ਘਰ ਸੰਮਤ ੧੫੨੧ ਨੂੰ ਇਕ ਕਾਕੀ ਜਨਮੀ ਸੀ, ਉਸ ਦਾ ਨਾਉਂ ਸੀ 'ਨਾਨਕੀ'। ਤੇ ਲਾਡ ਨਾਲ ਉਸ ਨੂੰ ਬੁਲਾਉਂਦੇ ਸਨ 'ਬੀਬੀ ਨਾਨਕੀ'। ਇਹ ਬੀਬੀ ਬੜੇ ਪਿਆਰ ਵਾਲੀ ਸੀ। ਛੋਟੀ ਉਮਰੇ ਹੀ ਚੰਗੀ ਸੋਹਣੀ ਹੋਸ਼ ਵਾਲੀ ਸੀ। ਛੋਟੀ ਹੁੰਦੀ ਹੀ ਮਾਂ ਨਾਲ ਨਿੱਕੇ ਨਿੱਕੇ ਕੰਮ ਕਰਾਉਂਦੀ ਹੁੰਦੀ ਸੀ ਤੇ ਮਾਂ ਪਾਸੋਂ ਪਰਮੇਸ਼ਰ ਜੀ ਦੀਆਂ ਗੱਲਾਂ ਸੁਣਦੀ ਹੁੰਦੀ ਸੀ। ਕਹਾਣੀਆਂ ਬੀ ਕਰਦੀ ਸੁਣਦੀ ਸੀ, ਬੁਝਾਰਤਾਂ ਬੀ ਪਾਉਂਦੀ ਸੀ, ਪਰ ਪਰਮੇਸ਼ੁਰ ਜੀ ਦੀਆਂ ਗੱਲਾਂ ਤੇ ਭਲਿਆਂ ਲੋਕਾਂ ਦੇ ਹਾਲ ਸੁਣ ਕੇ ਬਹੁਤ ਖੁਸ਼ ਹੋਇਆ ਕਰਦੀ ਸੀ।

ਜਦੋਂ ਬੀਬੀ ਆਪਣੇ ਹਾਣ ਦੀਆਂ ਕੁੜੀਆਂ ਨਾਲ ਖੇਡਦੀ ਸੀ ਤਾਂ ਉਹਨਾਂ ਲੋਕਾਂ ਨਾਲ ਰਲ ਕੇ ਨਿੱਕੇ ਨਿੱਕੇ ਗੀਤ ਗਾਉਂਦੀ ਹੁੰਦੀ ਸੀ, ਗੀਤਾਂ ਵਿਚ ਵੀਰ ਦੇ ਗੀਤ ਬੀ ਗਾਉਂਦੀ ਹੁੰਦੀ ਸੀ। ਇਸ ਦਾ ਜੀ ਲੋਚਦਾ ਸੀ ਕਿ ਰਬ ਜੀ ਮੇਰੇ ਲਈ ਵੀਰ ਬੀ ਘੱਲਣ। ਇਹ ਇਸ ਤਰ੍ਹਾਂ ਦੇ ਟੱਪੇ ਗਾਉਂਦੀ ਹੁੰਦੀ ਸੀ:—

ਆ ਵੀਰਾ ਮੇਰਿਆ, ਭੈਣ ਵਾਜਾਂ ਪਈ ਮਾਰੇ,
ਆ ਵੀਰਾ ਸੋਹਣਿਆ, ਭੈਣ ਤੈਥੋਂ ਗਈ ਵਾਰੇ!

## ੨. ਗੁਰੂ ਜੀ ਦਾ ਔਤਾਰ—

ਏਸ ਮਹਿਤਾ ਕਾਲੂ ਜੀ ਦੇ ਘਰ ਔਤਾਰ ਹੋਇਆ ਸਾਡੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ, ਜਦੋਂ ਬੀਬੀ ਨਾਨਕੀ ਪੰਜਾਂ ਕੁ ਵਰਿਹਾਂ ਤੋਂ ਉਪਰ ਦੀ ਹੋ ਗਈ ਸੀ।

ਜਦੋਂ ਗੁਰੂ ਜੀ ਏਸ ਘਰ ਨਿੱਕੇ ਨਿਆਣੇ ਬਾਲ ਜਿਹੇ ਹੋ ਕੇ ਆਏ ਤਾਂ ਘਰ ਵਿਚ ਆਪ ਤੋਂ ਆਪ ਚਾਨਣ ਹੋ ਗਿਆ। ਆਪ ਜੀ ਦੇ ਆਉਣ ਤੋਂ ਮਹਿਤਾ ਕਾਲੂ ਨੇ ਆਪਣੇ ਬ੍ਰਾਹਮਣ ਨੂੰ, ਜਿਸ ਦਾ ਨਾਉਂ ਹਰਦਿਆਲ ਸੀ, ਸੱਦ ਘੱਲਿਆ। ਕਾਲੂ ਜਾਤਿ ਦਾ ਵੇਦੀ ਸੀ ਤੇ ਹਰਦਿਆਲ ਵੇਦੀਆਂ ਦਾ ਪ੍ਰੋਹਿਤ ਸੀ। ਪ੍ਰੋਹਿਤ ਕੀ ਹੁੰਦਾ ਹੈ? ਪ੍ਰੋਹਿਤ ਹੁੰਦਾ ਹੈ ਉਹ ਬ੍ਰਾਹਮਣ, ਜਿਸ ਨੂੰ ਓਸ ਸਮੇਂ ਹਿੰਦੂ ਲੋਕ ਆਪਣੇ ਘਰ ਵਿਆਹ ਅਤੇ ਬਾਲ ਜਨਮ ਵੇਲੇ ਸੱਦਦੇ ਸਨ ਤੇ ਜੋ ਸਾਰੇ ਸ਼ੁਭ ਕੰਮ ਕਰਾਉਂਦਾ ਹੁੰਦਾ ਸੀ। ਏਸ ਨੂੰ ਆਪਣੇ ਦਾਨ ਪੁੰਨ ਦੀਆਂ ਚੀਜ਼ਾਂ ਬੀ ਦੇਂਦੇ ਹੁੰਦੇ ਸਨ। ਇਹ ਵਿਦਯਾ ਬੀ ਪੜ੍ਹਦਾ ਪੜ੍ਹਾਉਂਦਾ ਹੁੰਦਾ ਸੀ।

ਹਰਦਿਆਲ ਨੇ ਟੇਵੇ ਲਾਏ ਤੇ ਦੱਸਿਆ ਕਿ ਇਹ ਬਾਲਕ ਬੜਾ ਵਡਾ, ਬਹੁਤ ਵਡਾ ਹੋਵੇਗਾ! ਤਾਂ ਬਾਬੇ ਕਾਲੂ ਨੇ ਪੁੱਛਿਆ: ਕੀ ਬਹੁਤ ਪੈਸੇ ਵਾਲਾ ਹੋਏਗਾ? ਤਾਂ ਪ੍ਰੋਹਿਤ ਨੇ ਦੱਸਿਆ: 'ਇਹ ਰਬ ਦਾ ਪਿਆਰਾ ਹੋਵੇਗਾ। ਲੋਕ ਏਸ ਨੂੰ ਆਪਣਾ ਵਡਾ ਮੰਨਣਗੇ। ਇਹ ਲੋਕਾਂ ਨੂੰ ਭਲੇ ਕੰਮਾਂ ਵਿਚ ਲਾਏਗਾ। ਪਰਮੇਸ਼ੁਰ ਦਾ ਪਿਆਰ ਸਿਖਾਏਗਾ। ਇਹ ਭਾਈ! ਪਰਮੇਸ਼ੁਰ ਦਾ ਘੱਲਿਆ ਹੋਇਆ ਆਇਆ ਹਈ, ਇਹ ਹਈ ਔਤਾਰ। ਹਾਂ ਧਿਆਨ ਰਖੀਂ ਹੋਰ ਬਾਲਾਂ ਵਾਂਙੂ ਨਾ ਸਮਝੀਂ।'

ਇਹ ਬਾਲਕਾ ਸਚ ਮੁਚ ਹੋਰ ਬਾਲਕਾਂ ਵਾਙੂ ਰੋਂਦਾ ਨਹੀਂ ਸੀ। ਮਾਂ ਆਪ ਵੇਲੇ ਸਿਰ ਦੁੱਧ ਦੇਂਦੀ ਸੀ, ਪਰ ਇਹ ਕਦੇ ਭੁੱਖ ਵੇਲੇ ਬੀ ਨਹੀਂ ਸੀ ਰੋਂਦਾ, ਚੁੱਪ ਕਰਕੇ ਲੇਟਿਆ ਰਹਿੰਦਾ। ਕਦੇ ਉਪਰ ਨੂੰ ਵੇਖਦਾ, ਕਦੇ ਸੌਂ ਜਾਂਦਾ ਤਾਂ ਚਿਹਰੇ ਤੇ ਰੌਣਕ ਹੋਰ ਹੋ ਜਾਂਦੀ ਤੇ ਨਿੱਕੀਆਂ ਬੁਲ੍ਹੀਆਂ ਮੁਸਕਰਾ ਪੈਂਦੀਆਂ ਮਲੂਮ ਹੁੰਦੀਆਂ। ਜੇ ਮਾਂ ਬਾਹਰ ਚਲੀ ਜਾਵੇ ਤਾਂ ਇਹ ਨਿੱਕਾ ਜਿਹਾ ਕਾਕਾ ਪੰਘੂੜਿਆਂ ਵਿਚ ਚੁੱਪ ਚਾਪ ਪਿਆ ਰਹੇ। ਕਦੇ ਭੈਣ ਆ ਲਾਡੀਆਂ ਕਰੇ ਤੇ ਨਿੱਕੀਆਂ ਨਿੱਕੀਆਂ ਪਯਾਰ ਦੀਆਂ ਗਲਾਂ ਕਰੇ ਤਾਂ ਉਸ ਨੂੰ ਤੱਕਦਾ ਐਉਂ ਜਾਪੇ ਜਿਵੇਂ ਖ਼ੁਸ਼ ਖ਼ੁਸ਼ ਹੋ ਰਿਹਾ ਹੈ।

---

**ਪਾਠਕ ਸਜਣ** ਮਨੀਆਰਡਰ ਭੇਜਣ ਸਮੇਂ ਅਤੇ ਚਿੱਠੀ ਪੱਤਰ ਭੇਜਣ ਵੇਲੇ ਆਪਣਾ ਚਿਟ ਨੰਬਰ ਜ਼ਰੂਰ ਲਿਖਣ। **ਚਿਟ ਨੰਬਰ ਨਾ ਹੋਣ ਕਰਕੇ ਸਾਨੂੰ ਬੜੀ ਮੁਸ਼ਕਲ ਹੁੰਦੀ ਹੈ।** ਅਸੀਂ ਤੁਹਾਡੀ ਸਹੂਲਤ ਲਈ ਹਰ ਮਹੀਨੇ ਪਰਚੇ ਉਪਰ ਤੁਹਾਡੇ ਪਤੇ ਦੇ ਸ਼ੁਰੂ ਵਿਚ ਤੁਹਾਡਾ ਚਿਟ ਨੰਬਰ ਲਿਖਦੇ ਹਾਂ। ਇਹ ਚਿਟ ਨੰਬਰ ਲਿਖਣਾ ਅਤੀ ਜ਼ਰੂਰੀ ਹੈ ਜੀ।



www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ

[ਵਲੋਂ :—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

**੧. ਪਟਣੇ ਅਵਤਾਰ—**

ਸਾਡੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ ਹਨ ਅਤੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪਟਣੇ ਸ਼ਹਿਰ ਵਿਚ ਹੋਇਆ ਸੀ।

ਅਵਤਾਰ ਹੋਣਾ ਕਿਸ ਨੂੰ ਆਖੀਦਾ ਹੈ ?

ਜਿਵੇਂ ਕੋਈ ਬੱਚਾ ਜੰਮੇ ਤਾਂ ਕਹੀਦਾ ਹੈ, ਫਲਾਣਾ ਬਾਲਕ ਜੰਮਿਆ ਹੈ, ਇਸ ਤਰ੍ਹਾਂ ਅਵਤਾਰ ਹੋਣਾ ਗੁਰੂ ਸਾਹਿਬ ਦੇ ਦੁਨੀਆਂ ਵਿਚ ਆਉਣ ਨੂੰ ਆਖੀਦਾ ਹੈ। ਕਿਉਂਕਿ ਓਹ ਲੋਕਾਂ ਵਾਂਙੂ ਕਰਮਾਂ ਕਰਕੇ ਨਹੀਂ ਜਨਮਦੇ, ਓਹ ਦੁਨੀਆਂ ਦਾ ਭਲਾ ਕਰਨ ਵਾਸਤੇ ਉਤੋਂ ਮਾਨੋਂ ਉਤਰਦੇ ਹਨ, ਸੋ ਸਾਡੇ ਦਸਮੇਂ ਗੁਰੂ ਜੀ ਪਟਣੇ ਵਿਚ ਅਉਤਾਰ ਹੋਏ ਸਨ।

ਉਨ੍ਹਾਂ ਦੇ ਪਿਤਾ ਜੀ ਦਾ ਨਾਉਂ ਸ੍ਰੀ ਗੁਰੂ ਤੇਗ ਬਹਾਦਰ ਜੀ ਸੀ। ਗੁਰੂ ਤੇਗ ਬਹਾਦਰ ਸਾਡੇ ਨੌਵੇਂ ਗੁਰੂ ਸਾਹਿਬ ਸਨ।

ਭਲਾ ਜੀ ਪਟਣਾ ਕਿੱਥੇ ਕੁ ਹੋਇਆ ?

ਪਟਣਾ ਇਕ ਵੱਡਾ ਸ਼ਹਿਰ ਹੈ ਜੋ ਬਿਹਾਰ ਸੂਬੇ ਦੀ ਰਾਜਧਾਨੀ ਹੈ, ਜੋ ਸ੍ਰੀ ਅੰਮ੍ਰਿਤਸਰ ਤੋਂ ਲਗ ਪਗ ੮੦੦ ਮੀਲ ਹੈ। ਇਹ ਨਗਰ ਗੰਗਾ ਦੇ ਕਿਨਾਰੇ ਕਿਨਾਰੇ ਉਰਾਰਲੇ ਪਾਸੇ ਦੂਰ ਤਾਈਂ ਚਲਾ ਗਿਆ ਹੈ। ਕਲਕੱਤੇ ਜਾਓ ਤਾਂ ਰਸਤੇ ਵਿਚ ਆਉਂਦਾ ਹੈ। ਇਸ ਸ਼ਹਿਰ ਵਿਚ ਜਨਮ ਅਸਥਾਨ ਹੈ ਗੁਰੂ ਜੀ ਦਾ।

ਭਲਾ ਜੀ ! ਨੌਵੇਂ ਗੁਰੂ ਜੀ ਤਾਂ ਪੰਜਾਬ ਰਹਿੰਦੇ ਸੀ ਤੇ ਦਸਮੇਂ ਗੁਰੂ ਜੀ ਦਾ ਅੱਠ ਸੌ ਮੀਲ ਦੂਰ ਜਾ ਕੇ ਅਵਤਾਰ ਕੀਕੂੰ ਹੋਇਆ ?

ਸ੍ਰੀ ਗੁਰੂ ਤੇਗ਼ ਬਹਾਦਰ ਜੀ ਆਸਾਮ ਨੂੰ ਗਏ ਸਨ। ਰਸਤੇ ਵਿਚ ਪ੍ਰਯਾਗ ਆਦਿ ਥਾਵਾਂ ਤੇ ਹੁੰਦੇ ਹੋਏ ਪਟਣੇ ਗਏ ਸਨ। ਤਦੋਂ ਪਟਣੇ ਤੇ ਸਹਸਰਾਮ ਆਦਿ ਨਗਰਾਂ ਵਿਚ ਦੂਰ ਦੂਰ ਗੁਰੂ ਕੀ ਸਿਖੀ ਫੈਲੀ ਹੋਈ ਸੀ। ਪਟਣੇ ਪਹੁੰਚ ਕੇ ਨੌਵੇਂ ਗੁਰੂ ਸਾਹਿਬ ਜੀ ਆਸਾਮ ਨੂੰ ਚਲੇ ਗਏ। ਪਟਣੇ ਤੋਂ ਅਗੇ ਜਾ ਕੇ ਬਿਹਾਰ ਮੁਕਦਾ ਤੇ ਬੰਗਾਲ ਆਉਂਦਾ ਹੈ। ਹੋਰ ਪਰੇ ਨੂੰ ਜਾਓ ਤਾਂ ਬੰਗਾਲ ਮੁਕਦਾ ਤੇ ਆਸਾਮ ਆਉਂਦਾ ਹੈ। ਇਸ ਆਸਾਮ ਦੇਸ ਵਿਚ ਕਦੇ ਗੁਰੂ ਨਾਨਕ ਸਾਹਿਬ ਜੀ ਬੀ ਗਏ ਸਨ। ਹੁਣ ਗੁਰੂ ਤੇਗ਼ ਬਹਾਦਰ ਜੀ ਗਏ ਸਨ।

ਗੁਰੂ ਜੀ ਆਪ ਤਾਂ ਆਸਾਮ ਨੂੰ ਚਲੇ ਗਏ, ਪਰ ਆਪਣੀ ਪਵਿੱਤ੍ਰ ਸੁਪਤਨੀ ਸ੍ਰੀ ਮਤੀ ਸਾਡੀ ਮਾਤਾ 'ਗੁਜਰੀ' ਜੀ ਨੂੰ ਪਟਣੇ ਛੋੜ ਗਏ ਸਨ। ਨਾਲ ਉਨ੍ਹਾਂ ਦੇ ਵੀਰ ਕ੍ਰਿਪਾਲ ਚੰਦ ਜੀ ਨੂੰ, ਨਾਲ ਆਪਣੀ ਮਾਤਾ ਨਾਨਕੀ ਜੀ ਨੂੰ ਅਤੇ ਹੋਰ ਪ੍ਰੇਮੀ ਸਿਖਾਂ ਤੇ ਸੇਵਕਾਂ ਨੂੰ ਛੋੜ ਗਏ ਸਨ।

ਉਨ੍ਹਾਂ ਦੇ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਏਥੇ ਹੋਇਆ। ਤਦੋਂ ਸੀ ਪੋਹ ਮਹੀਨੇ ਦੇ ਚਾਨਣੇ ਪੱਖ ਦੀ ਸੱਤਵੀਂ ਤੇ ਸੰਮਤ ਸੀ ੧੭੨੩ ਬਿ:। ਪਟਣੇ ਵਿਚ ਗੁਰਸਿਖੀ ਚੋਖੀ ਹੈਸੀ। ਆਪ ਜੀ ਦੇ ਅਵਤਾਰ ਤੇ ਘਰ ਘਰ ਖੁਸ਼ੀਆਂ ਹੋਈਆਂ। ਫੇਰ ਆਸਾਮ ਗੁਰੂ ਜੀ ਨੂੰ ਖ਼ਬਰ ਘੱਲੀ ਗਈ। ਓਥੇ ਸਿੱਖਾਂ ਨੇ ਤੇ ਰਾਜੇ ਦੀ ਫ਼ੌਜ ਨੇ ਬੜੇ ਸ਼ਾਦਿਆਨੇ ਵਜਾਏ।

---

**ਬੱਚੀਆਂ ਨੂੰ ਦਾਜ ਵਿਚ 'ਸੂਰਾ'**—ਪਿਛਲੇ ਮਹੀਨੇ ਇਕ ਬੱਚੀ ਨੂੰ ਇਮਤਿਹਾਨ ਵਿਚੋਂ ਚੰਗ ਪੁਜ਼ੀਸ਼ਨ ਵਿਚੋਂ ਪਾਸ ਹੋਣ ਦੀ ਖੁਸ਼ੀ ਵਿਚ, ਮਾਪਿਆਂ ਵਲੋਂ 'ਸੂਰਾ' ਸਾਰੀ ਉਮਰ ਲਈ ਇਨਾਮ ਵਜੋਂ ਦਿਤਾ ਗਿਆ। ਬੱਚੀ ਦੇ ਨਾਂ ਸੌ ਰੁਪਿਆ ਦੇ ਕੇ ਅਮਾਨਤੀ ਲਾਈਫ ਮੈਂਬਰ ਬਣਾ ਦਿਤਾ ਗਿਆ। ਅਨੰਦ ਕਾਰਜ ਹੋ ਜਾਣ ਤੇ "ਸੂਰਾ" ਉਸ ਨੂੰ ਸਹੁਰੇ ਘਰ ਆਯੂ ਪ੍ਰਯੰਤ ਜਾਂਦਾ ਰਹੇਗਾ। **ਬੱਚੀਆਂ ਦਾ ਲੋਕ ਪਰਲੋਕ ਸੰਵਾਰਨ ਲਈ ਉਨ੍ਹਾਂ ਦੇ ਨਾਂ ਅਮਾਨਤੀ ਲਾਈਫ਼ ਮੈਂਬਰੀ ਦੀ ਰਕਮ ਜਮ੍ਹਾ ਕਰਵਾ ਦਿਓ। ਇਉਂ ਪੇਕੇ ਤੇ ਸਹੁਰੇ ਦੋਹਾਂ ਪਰਵਾਰਾਂ ਨੂੰ ਗੁਰਮਤਿ ਦਾ ਸਹੀ ਚਾਨਣ ਮਿਲਦਾ ਰਹੇਗਾ।**



www.AKJ.Org

# ਅੰਮ੍ਰਿਤ ਦੀ ਵਾਰ

[ਵਲੋਂ:—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਗੁੜਗਾਉਂ]

ਗੁਰੂ ਕਲਗੀਆਂ ਵਾਲੇ ਜਦ ਝਾਤੀ ਮਾਰੀ।
ਉਹਨੂੰ ਰੋਂਦੀ ਦਿੱਸੀ ਇਹ ਦੁਨੀਆਂ ਸਾਰੀ।
ਉਹਨੂੰ ਵਗਦੇ ਦਿੱਸੇ ਮਜ਼ਲੂਮ ਦੇ ਹੰਝੂ।
ਉਹ ਸਹਿ ਨਾ ਸਕਿਆ ਇਹ ਆਹੋ-ਜ਼ਾਰੀ।
ਉਸ ਜਗ ਦੇ ਦਰਦੀ ਇਕ ਵਿਉਂਤ ਬਣਾਈ।
ਕਰ 'ਕੱਠੀ ਸ਼ਕਤੀ, ਭਗਤੀ, ਸਚਿਆਈ।
ਪਰਤੀਤ, ਸਿਦਕ ਦਾ ਬਾਟਾ ਮੰਗਵਾਇਆ।
ਲੈ, ਦਇਆ, ਧਰਮ ਤੇ ਹਿੰਮਤ, ਮਜ਼ਬੂਤੀ।
ਇਹ ਸਭ ਕੁਝ ਦਾਤੇ ਬਾਟੇ ਵਿਚ ਪਾਇਆ।
ਫਿਰ ਪਿਆਰ, ਮੁਹਬੱਤ ਦਾ ਪਾਣੀ ਲਿਆ ਕੇ।
ਬਲ, ਤੇਜ ਸਹਾਇਕ ਖੰਡਾ ਮੰਗਵਾ ਕੇ।
ਮਿਠਤ ਦੇ ਸੋਮੇ ਵਿਚ ਪਾਏ ਪਤਾਸੇ।
ਏਹ ਪਤਾਸੇ ਨਹੀਂ ਸਨ, ਸਨ ਪਿਆਰ-ਦਿਲਾਸੇ।
ਤਕਦੀ ਰਹੀ ਕੌਤਕ ਇਹ ਬੀਰਤਾ-ਰਾਣੀ।
ਵੰਡਦੀ ਰਹੀ ਮਿਹਰਾਂ, ਦੋਹਾਂ ਅਖੀਆਂ ਥਾਣੀ।
ਦਾਤੇ ਨੇ ਹੱਥ ਵਿਚ ਜਦ ਖੰਡਾ ਫੜਿਆ।
ਦਿਲ-ਸਾਗਰ ਅੰਦਰ ਇਕ ਵੇਗ ਉਭਰਿਆ।
ਖੰਡੇ ਦੀਆਂ ਨੋਕਾਂ ਬਾਟੇ ਵਿਚ ਹਿਲੀਆਂ।
ਰਹਿਮਤ ਦੀਆਂ ਨਜ਼ਰਾਂ ਜਲ ਅੰਦਰ ਮਿਲੀਆਂ।
ਤੇ ਅਰਸ਼ੋਂ ਉਤਰੀ ਹੋਈ ਗਾਈ ਬਾਣੀ।
ਬਸ ਅੰਮ੍ਰਿਤ ਬਣਿਆ ਸੁਣ ਸੁਣ ਕੇ, ਪਾਣੀ।
ਬਣ ਮਿਹਰ ਦੀ ਵਰਖਾ ਇਹ ਜਿਥੇ ਵਸਿਆ।
ਆ ਗਈਆਂ ਬਹਾਰਾਂ ਤੇ ਪਤਝੜ ਨਸਿਆ।
ਜਿਸ ਜਿਸ ਨੇ ਇਸ ਦਾ ਇਕ ਕਤਰਾ ਪੀਤਾ।
ਉਹਨੇ ਜਗ ਦੇ ਉਤੇ ਨਾਂ ਰੌਸ਼ਨ ਕੀਤਾ।
ਜਿਸ ਜਿਸ ਦੀ ਨਸ ਵਿਚ ਇਸ ਗੇੜੇ ਲਾਏ।
ਉਨ੍ਹਾਂ ਧਰਤ ਹਿਲਾਈ, ਆਕਾਸ਼ ਕੰਬਾਏ।
ਤੱਕ ਤੱਕ ਕੇ ਇਸ ਦੇ ਬੀਰਾਂ ਨੂੰ ਜਗ ਵਿਚ।
ਕੰਬ ਉੱਠੇ ਯੋਧੇ ਚਾਤਰ ਚਕਰਾਏ।
ਗਿਦੜਾਂ ਨੇ ਸ਼ੇਰਾਂ ਦੀ ਗਰਦਨ ਤੋੜੀ।
ਚਿੜੀਆਂ ਨੇ ਬਾਜ਼ਾਂ ਦੀ ਧੌਣ ਮਰੋੜੀ।
ਇਹ ਨੂੰ ਪੀ ਕੇ ਪਾਮਰ ਵੀ ਬੱਬਰ ਬਣ ਗਏ।
ਫਰਕੇ ਡੌਲੇ ਤੇ ਸੀਨੇ ਤਣ ਗਏ।
ਉਨ੍ਹਾਂ ਰਣ ਵਿਚ ਐਸੇ ਖੰਡੇ ਖੜਕਾਏ।
ਬੀਰਾਂ ਤੇ ਯੋਧਿਆਂ ਦੇ ਹੋਸ਼ ਭੁਲਾਏ।
ਇਕ ਇਕ ਨੇ ਲਖ ਲਖ ਦਾ ਰੁਤਬਾ ਲੀਤਾ।
ਹੋ ਗਿਆ ਅਮਰ ਉਹ, ਜਿਸ ਅੰਮ੍ਰਿਤ ਪੀਤਾ।
ਮੁਰਦਾ ਮੂੰਹਾਂ ਤੇ ਵੀ ਆ ਗਈ ਲਾਲੀ।
ਉਹ ਜਗ ਤੇ ਚਮਕੇ ਬਣ ਅਮਰ-ਅਕਾਲੀ।
ਉਨ੍ਹਾਂ ਸੂਰਿਆਂ ਸਿਰ ਤੇ ਆਰੇ ਚਲਵਾਏ।
ਉਨ੍ਹਾਂ ਹੱਸ ਹੱਸ ਆਪਣੇ ਬੰਦ ਬੰਦ ਕਟਵਾਏ।
ਹੁਏ ਤੂੰਬੇ ਤੂੰਬੇ ਚਰਖੀਆਂ ਤੇ ਚੜ੍ਹ ਕੇ।
ਉਹ ਜੀਵਨ ਪਾ ਗਏ ਭਠੀਆਂ ਵਿਚ ਸੜ ਕੇ।
ਉਹ ਜਾਨ ਤੇ ਖੇਡੇ ਤੇ ਰੋਕੀਆਂ ਗੱਡੀਆਂ।
ਹੱਸ ਹੱਸ ਕੇ ਸ਼ੇਰਾਂ ਤੁੜਵਾਈਆਂ ਹੱਡੀਆਂ।
ਉਨ੍ਹਾਂ ਦੇਸ਼ ਤੋਂ ਵਾਰੀ ਇਹ ਜਾਨ ਪਿਆਰੀ।
ਜਿੱਤੀ ਇਹ ਬਾਜ਼ੀ, ਨਾ ਕਦੀ ਵੀ ਹਾਰੀ।
ਪੀ ਪੀ ਕੇ ਇਸ ਨੂੰ ਦੁੱਧ ਪੀਂਦੇ ਬੱਚੇ।
ਬਣ ਬੀਰ-ਬਹਾਦਰ ਤੇਗਾਂ ਤੇ ਨੱਚੇ।
ਚਮਕੇ ਉਹ ਚਲਦੀਆਂ ਤਲਵਾਰਾਂ ਅੰਦਰ।
ਲਿਆ ਜੀਂਦਾ ਜੀਵਨ ਦੀਵਾਰਾਂ ਅੰਦਰ।
ਉਹ ਕੌਮ ਦੀ ਖ਼ਾਤਰ ਬਣ ਗਏ ਪਰਵਾਨੇ।
ਹੱਸ ਹੱਸ ਕੇ ਬੱਧੇ ਉਨ੍ਹਾਂ ਮੌਤ ਦੇ ਗਾਨੇ।
ਤੂਫ਼ਾਨ ਉਠਾਏ, ਜਿਸ ਪਾਸੇ ਉੱਠੇ।
ਉਹ ਦੇਸ਼ ਧਰਤ ਤੇ ਬਣ ਬੱਦਲ ਵੁੱਠੇ।
ਤਦ ਮੌਲਿਆ ਗੁਲਸ਼ਨ, ਤੇ ਪਤਝੜ ਨਸਿਆ।
'ਮਿੱਤਰ' ਜਦ ਅਰਸ਼ੋਂ ਇਹ ਅੰਮ੍ਰਿਤ ਵਸਿਆ।

—+—



www.AKJ.Org

# ਸੁਣ ਕੇ ਸਦ ਮਾਹੀ ਦਾ

( ਵਲੋਂ :—ਸਾਰੰਗ ਜੀ, ਕਪੂਰਥਲਾ )

ਇਸ ਲੇਖ ਵਿਚ ਗੁਰਦਾਸਪੁਰ ਅੰਮ੍ਰਿਤਸਰ ਦੇ ਕੁਝ ਸਿੰਘਾਂ ਸਿੰਘਣੀਆਂ ਦੇ ਪਿੰਡਾਂ ਵਿਚ ਦਸ-ਰੋਜ਼ਾ ਪ੍ਰੋਗਰਾਮ ਦਾ ਜ਼ਿਕਰ ਹੈ। ਇਨ੍ਹਾਂ ਸਿੰਘਾਂ ਸਿੰਘਣੀਆਂ ਦਾ ਇਕ ਵਹੀਰ ਦੀ ਸ਼ਕਲ ਵਿਚ ਪਿੰਡ ਪਿੰਡ ਵਿਚਰਨਾ, ਰਸਤੇ ਵਿਚ ਵੀ ਬਾਣੀ ਪੜ੍ਹਦੇ ਤੇ ਗਾਇਨ ਕਰਦੇ ਜਾਣਾ ਅਤੇ ਪਿੰਡਾਂ ਵਿਚ ਪੁਜ ਕੇ ਉਥੋਂ ਦੇ ਵਾਸੀਆਂ ਨੂੰ ਗੁਰੂ-ਚਰਨਾਂ ਨਾਲ ਜੋੜਨ ਅਤੇ ਅੰਮ੍ਰਿਤ ਛਕਣ ਲਈ ਪ੍ਰੇਰਨ ਆਦਿ ਦੇ ਉਦਮ ਸ਼ਲਾਘਾ ਯੋਗ ਹਨ। ਇਹ ਇਕ ਛੋਟਾ ਜਿਹਾ ਹੰਭਲਾ ਹੈ। ਪਰ ਲੋੜ ਬਹੁਤ ਵੱਡੀ ਹੈ। ਇਸ ਵੇਲੇ ਕੌਮ ਵਿਚੋਂ ਇਹੋ ਜਿਹੇ ਸੈਂਕੜੇ ਵਹੀਰ ਚਲਣ ਦੀ ਲੋੜ ਹੈ, ਜੋ ਆਪਣਾ ਤਨ, ਮਨ, ਧਨ ਕੌਮ ਲਈ ਅਤੇ ਆਪਣਾ ਜੀਵਨ ਬਣਾਉਣ ਲਈ ਖ਼ਰਚ ਕਰਨ। ਪਹਾੜਾਂ ਦੀ ਸੈਰ ਦੀ ਥਾਂ ਅਤੇ ਇੱਧਰ ਉਧਰ ਛੁੱਟੀਆਂ ਬਿਤਾਉਣ ਦੀ ਥਾਂ ਇਸ ਤਰ੍ਹਾਂ ਦੇ ਵਹੀਰ ਬਣਾਏ ਜਾਣ। ਰਲ ਮਿਲ ਕੇ ਇਕੱਠੇ ਅੰਮ੍ਰਿਤ ਵੇਲੇ ਬਾਣੀ ਪੜ੍ਹਨ, ਨਾਮ ਜਪਣ, ਕੀਰਤਨ ਕਰਨ ਅਤੇ ਪਿੰਡ ਪਿੰਡ ਫਿਰ ਕੇ ਗੁਰੂ ਕੀ ਸੇਵਾ ਵਿਚ ਜੁਟਣ ਨਾਲ ਜਿਥੇ ਆਪਣਾ ਭਲਾ ਹੈ ਉਥੇ ਹੋਰਨਾਂ ਭੀ ਕਈਆਂ ਦਾ ਭਲਾ ਸੁਤੇ ਹੀ ਹੋ ਜਾਂਦਾ ਹੈ। ਲੋੜ ਹੈ, ਅਮਲੀ ਕਮਾਈ ਕਰਨ ਦੀ। ਅਮਲੀ ਜੀਵਨ ਨਾਲ ਹੀ ਹੋਰ ਜੀਵਨ ਬਣ ਸਕਦੇ ਹਨ ਅਤੇ ਗੁਰਸਿੱਖੀ ਦੀ ਸੁਗੰਧੀ ਫੈਲ ਸਕਦੀ ਹੈ। ਫੋਕੇ ਲੈਕਚਰ ਕਿਸੇ ਦਾ ਕੁਝ ਨਹੀਂ ਸੁਆਰ ਸਕਦੇ। ਜਗਦੇ ਦੀਵਿਆਂ ਤੋਂ ਹੀ ਹੋਰ ਦੀਵਿਆਂ ਨੇ ਜਗਣਾ ਹੈ। ਜਿਹੜੇ ਆਪ ਬੁਝੇ ਹੋਏ ਹਨ, ਉਨ੍ਹਾਂ ਤੋਂ ਕਿਸੇ ਦੂਜੇ ਨੇ ਕੀ ਚਾਨਣਾ ਲੈਣਾ ਹੈ? [ਸੰਪਾਦਕ

ਅਜ ਹਰ ਸਿਖ-ਹਿਰਦਾ ਮਹਿਸੂਸ ਕਰਦਾ ਹੈ ਕਿ ਗੁਰੂ ਸਾਹਿਬਾਨ ਦੀ ਬਖਸ਼ੀ ਹੋਈ ਪਵਿੱਤਰ ਦਾਤ ਸਿੱਖੀ ਨੂੰ ਚਾਰ ਚੁਫੇਰਿਓਂ ਢਾਹ ਲੱਗੀ ਹੋਈ ਹੈ। ਹਰੇਕ ਸਿੱਖ-ਹਿਰਦਾ ਖ਼ਾਲਸਾ ਪੰਥ ਦੀ ਇਸ ਪੱਖੋਂ ਸੇਵਾ ਕਰਨਾ ਚਾਹੁੰਦਾ ਹੈ। ਕੋਈ ਤਨ ਕਰ ਕੇ, ਕੋਈ ਮਨ ਕਰ ਕੇ ਅਤੇ ਕੋਈ ਧਨ ਕਰ ਕੇ ਹੀ ਸੇਵਾ ਕਰ ਰਿਹਾ ਹੈ। ਜਿਥੇ ਜਿਥੇ ਭੀ ਕੋਈ ਸੱਚੇ ਦਿਲੋਂ ਇਸ ਪੱਖ ਤੋਂ ਗੁਰੂ ਪੰਥ ਦੀ ਸੇਵਾ ਕਰ ਰਿਹਾ ਹੈ, ਉਹ ਧੰਨਤਾ ਯੋਗ ਹੈ ਅਤੇ ਗੁਰੂ ਸਾਹਿਬ ਦੀਆਂ ਅਪਾਰ ਖੁਸ਼ੀਆਂ ਦਾ ਪਾਤਰ ਹੈ।

ਇਹੋ ਜਿਹੇ ਸੇਵਾਦਾਰਾਂ ਦੀ ਹੌਸਲਾ-ਅਫ਼ਜ਼ਾਈ ਲਈ ਇਹ ਕਹਿਣਾ ਅਯੋਗ ਨਹੀਂ ਹੋਵੇਗਾ ਕਿ ਢਾਹ ਹਰ ਧਰਮ ਨੂੰ ਲੱਗੀ ਹੋਈ ਹੈ। ਕਿਸੇ ਭੀ ਦੂਸਰੇ ਧਰਮ ਦੇ ਮੁਖੀ ਨਾਲ ਗੱਲ ਕਰ ਵੇਖੋ, ਉਸ ਦਾ ਇਹੋ ਹੀ ਰੋਣਾ ਹੈ ਕਿ ਪਤਾ ਨਹੀਂ, ਲੋਕਾਂ ਦਾ ਰੱਬ ਤੋਂ ਵਿਸ਼ਵਾਸ ਹਟ ਗਿਆ ਹੈ। ਲੋਕ ਮਾਇਆ ਅਤੇ ਸੁਖ ਆਰਾਮ ਦੇ ਪਦਾਰਥਾਂ ਦਾ ਬਹੁਤ ਜ਼ਿਆਦਾ ਖ਼ਿਆਲ ਕਰਨ ਲੱਗ ਪਏ ਹਨ। ਦੁਨੀਆ ਦੀ ਹਵਾ ਹੀ ਕੋਈ ਐਸੀ ਹੋ ਗਈ ਹੈ। ਪਰ ਬਾਕੀ ਧਰਮਾਂ ਦੇ ਬਾਹਰੀ ਚਿੰਨ੍ਹਾਂ ਤੋਂ ਢਾਹ ਦਾ ਪਤਾ ਨਹੀਂ ਲਗਦਾ, ਉਂਜ ਸਾਰੀ ਲੁਕਾਈ ਪ੍ਰਭੂ-ਪਿਆਰਿਆਂ ਨੂੰ ਛੱਡ ਕੇ, ਖੋਖਲੀ ਹੋਈ ਪਈ ਹੈ। ਪ੍ਰਭੂ ਨੂੰ ਵਿਸਾਰ ਕੇ ਪਾਗਲ ਜਿਹੀ ਹੋਈ ਪਈ ਹੈ।

ਨਾਮ ਬਿਨਾ ਸਭੁ ਜਗੁ ਬਉਰਾਨਾ॥ (੫੬੮)

ਸਾਨੂੰ ਬਾਕੀ ਧਰਮਾਂ ਨਾਲ ਕੀ? ਅਸੀਂ ਤਾਂ ਦਿਲਗੀਰ ਹੁੰਦੇ ਹਾਂ ਸਤਿਗੁਰਾਂ ਦੇ ਉਜੜ ਰਹੇ ਬਾਗ਼ ਦੀ ਹਾਲਤ ਵੇਖ ਵੇਖ ਕੇ, ਬੂਟੇ ਸੁਕਦੇ ਜਾਂਦੇ ਹਨ। ਕੋਈ ਕੋਈ ਹਰਾ ਬੂਟਾ ਦਿਸਦਾ ਹੈ। ਜੇ ਮਿਹਰ ਹੁੰਦੀ ਹੈ ਤਾਂ ਉਸ ਦੀ ਛਾਂ ਭੀ ਸੰਘਣੀ ਅਤੇ ਫਲ ਭੀ ਚੋਖਾ ਹੁੰਦਾ ਹੈ। ਕਦੀ ਇਸ ਬਾਗ਼ ਵਿਚ ਲਹਿਲਾਂਦੇ ਬੂਟੇ ਹੁੰਦੇ ਸਨ। ਭਾਈ ਤਾਰੂ ਸਿੰਘ ਜੀ, ਭਾਈ ਮਨੀ ਸਿੰਘ ਜੀ, ਭਾਈ ਮਹਾਂ ਸਿੰਘ ਜੀ, ਨਵਾਬ ਕਪੂਰ ਸਿੰਘ ਜੀ,



www.AKJ.Org

ਅਕਾਲੀ ਫੂਲਾ ਸਿੰਘ ਜੀ, ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ, ਅਤੇ ਬਾਬਾ ਦੀਪ ਸਿੰਘ ਜੀ ਵਰਗੇ ਸਿੱਖੀ ਦੇ ਮਹਾਨ ਬ੍ਰਿਛ, ਸਤਿਗੁਰਾਂ ਦੇ ਬਾਗ਼ ਦੀ ਸ਼ੋਭਾ ਸਨ । ਹੁਣ ਤੇ ਕਿਤੇ ਕਿਤੇ—

ਕੋਈ ਹਰਿਆ ਬੂਟੁ ਰਹਿਓ ਰੀ ॥ (ਪੰਨਾ ੩੮੪)

ਜਿਨ੍ਹਾਂ ਨੂੰ ਗੁਰੂ ਨਾਲ ਪਿਆਰ ਆਉਂਦਾ ਹੈ ਉਨ੍ਹਾਂ ਨੂੰ ਉਸ ਦੇ ਬਾਗ਼ ਨਾਲ, ਬਾਗ਼ ਦੇ ਹਰ ਨਿੱਕੇ ਵੱਡੇ ਬੂਟੇ ਨਾਲ ਭੀ ਪਿਆਰ ਆਉਂਦਾ ਹੈ। ਜਿਥੇ ਜਿਥੇ ਉਹ ਹਨ, ਸਦਾ ਇਹੋ ਜਤਨ ਕਰਦੇ ਹਨ ਕਿ ਆਪ ਸਤਿਗੁਰਾਂ ਦੇ ਹੁਕਮਾਂ ਤੇ ਚੱਲੀਏ ਅਤੇ ਹੋਰਨਾਂ ਨੂੰ ਵਧ ਤੋਂ ਵਧ ਪ੍ਰੇਰ ਪ੍ਰੇਰ ਕੇ ਸਿੱਖੀ ਦੀ ਸੋਹਣੀ ਫੁਲ-ਵਾੜੀ ਵਿੱਚ ਸ਼ਾਮਲ ਕਰੀਏ । ਇਹੋ ਜਿਹਾ ਇਕ ਨਿਮਾਣਾ ਜਿਹਾ ਅਤੇ ਨਿੱਕਾ ਜਿਹਾ ਜਤਨ ਸ੍ਰੀ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਕੁਝ ਸਿੰਘਾਂ ਨੇ ਰਲ ਮਿਲ ਕੇ ਕੀਤਾ। ਦਸ ਪਿੰਡਾਂ ਵਿਚ ਵਹੀਰ ਘਤ ਕੇ (ਤੁਰ ਕੇ) ਪੁਜੇ। ਦਸ ਦਿਨਾਂ ਵਿੱਚ ਦਸ ਪਿੰਡਾਂ ਦੇ ਦਰਸ਼ਨ ਕੀਤੇ। ਸਾਮਾਨ, ਰਸਦ, ਬਰਤਨ ਆਦਿ ਇਕ ਗੱਡੇ ਉਤੇ,ਦੂਜੇ ਗੱਡੇ 'ਤੇ ਬੀਬੀਆਂ,ਬਿਰਧ ਅਤੇ ਬੱਚੇ, ਜੋਟੀਆਂ ਵਿੱਚ ਸ਼ਬਦ ਪੜ੍ਹਦੇ ਜਾਂਦੇ ਸਨ । ਨਾਲ ਨਾਲ ਸਿੰਘ ਪੈਦਲ ਚਲਦੇ ਸਨ। ਸਵੇਰੇ ਸਾਢੇ ਚਾਰ ਵਜੇ ਵਹੀਰ ਨੇ ਚੱਲ ਪੈਣਾ, ਦੋ ਤਿੰਨ ਘੰਟਿਆਂ ਵਿੱਚ ਅਗਲੇ ਪੜਾਅ ਤੇ ਅੱਪੜ ਜਾਣਾ। ਇਨ੍ਹਾਂ ਦੋ ਜਾਂ ਕਈ ਵਾਰੀ ਤਿੰਨ ਘੰਟਿਆਂ ਦੇ ਦੌਰਾਨ, ਨਿਤਨੇਮ, ਕੀਰਤਨ ਜਾਂ ਸ਼ਬਦ ਦੀ ਧੁਨੀ ਹੀ ਗੱਡੇ ਉਪਰ ਫ਼ਿਟ ਕੀਤੇ ਲਾਊਡ ਸਪੀਕਰ ਵਿਚਦੀ ਸਾਰੇ ਵਾਯੂ-ਮੰਡਲ ਵਿਚ ਗੂੰਜਦੀ ਸੀ। ਖੇਤਾਂ ਨੂੰ ਜਾ ਰਹੇ, ਜਾਂ ਖੇਤਾਂ ਵਿਚ ਕੰਮ ਕਰ ਰਹੇ ਕਿਸਾਨ ਖੜੋ ਜਾਂਦੇ, ਪਿੰਡ ਦੇ ਬੱਚੇ, ਬੁੱਢੇ, ਜਵਾਨ, ਮਾਈ, ਭਾਈ ਬੜੀ ਸ਼ਰਧਾ ਸਹਿਤ ਇਨ੍ਹਾਂ ਸਿੰਘਾਂ ਨੂੰ ਨਮਸਕਾਰਦੇ ਤੇ ਫ਼ਤਹ ਬੁਲਾਂਦੇ। ਉਨ੍ਹਾਂ ਦੇ ਮਨ ਅੰਦਰ ਸਤਿਗੁਰਾਂ ਲਈ ਪਿਆਰ ਦਾ ਝਰਨਾ ਫੁਟ ਨਿਕਲਦਾ ਸੀ। ਉਹ ਆਪਾ ਵਾਰਨ ਨੂੰ ਆਉਂਦੇ ਸਨ।

ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਵਸਦਾ ਗੁਰਾਂ ਦੇ ਨਾਂ ਤੇ।
[ਪ੍ਰੋਫੈਸਰ ਪੂਰਨ ਸਿੰਘ ਜੀ

ਸਤਿਗੁਰਾਂ ਦਾ ਨਾਂ ਲੈ ਕੇ ਕੋਈ ਜਾਵੇ ਤਾਂ ਸਈ ਪਿੰਡਾਂ ਵਿੱਚ, ਕੋਈ ਕਵ੍ਹੇ ਤਾਂ ਸਈ ਭਾਈ ਰੋਮਾਂ ਦੀ ਬੇਅਦਬੀ ਨਾ ਕਰਿਆ ਕਰੋ, ਗੁਰੂ ਦਾ ਹੁਕਮ ਹੈ। ਭਾਈ ਸ਼ਰਾਬ ਤੰਬਾਕੂ ਨਾ ਪੀਆ ਕਰੋ, ਸਤਿਗੁਰਾਂ ਨੇ ਇਨ੍ਹਾਂ ਤੋਂ ਵਰਜਿਆ ਹੈ। ਭਾਈ ਰਹਿਤ ਰੱਖੋ, ਗੁਰੂ ਵਾਲੇ ਬਣੋ, ਇਉਂ ਜਨਮ ਸਫਲਾ ਹੁੰਦਾ ਹੈ। ਪੰਜਾਬ ਤਾਂ ਵਸਦਾ ਹੀ ਗੁਰਾਂ ਦੇ ਨਾਂ ਤੇ ਹੈ।

ਮੰਨਿਆ, ਪਿੰਡਾਂ ਵਿਚ ਕੁਸੰਗਤ ਹੈ, ਪਰ ਉਸ ਦਾ ਮਾੜਾ ਅਸਰ ਇਹੋ ਜਿਹੀ ਸੰਗਤ ਨਾਲ ਹੀ (antidote) ਹਟਾਇਆ ਜਾ ਸਕਦਾ ਹੈ। ਪਿੰਡਾਂ ਦੇ ਲੋਕ ਅਜੇ ਭੀ ਸ਼ਹਿਰ ਦੇ ਲੋਕਾਂ ਨਾਲੋਂ ਚੰਗੇ ਹਨ। ਸ਼ਹਿਰਾਂ ਦੇ ਲੋਕ ਮਚਲੇ ਜਿਹੇ ਬਣੇ ਬੈਠੇ ਹਨ। ਗੱਲ ਗੱਲ ਤੇ ਢੁਚਰਾਂ ਕਰਦੇ ਹਨ। ਪਿੰਡਾਂ ਵਿੱਚ ਲੋਕੀਂ ਬਹੁਤੀ ਤਕਰਾਰ ਨਹੀਂ ਕਰਦੇ। ਸਿੱਖੀ ਮਾਰਗ ਤਕਰਾਰੀਆਂ ਦਾ ਨਹੀਂ, ਇਹ ਤਾਂ ਪ੍ਰੇਮ ਦਾ ਮਾਰਗ ਹੈ। ਜੋ ਪ੍ਰੇਮ ਕਰਨਾ ਚਾਹੁੰਦੇ ਹਨ ਗੁਰੂ ਨਾਲ, ਉਹ ਭਲਾ ਤਕਰਾਰ ਵਿਚ ਕਿਉਂ ਪੈਣਗੇ ? ਜਾਂ ਬਹੁਤੇ ਪੜ੍ਹੇ ਲਿਖੇ ਭੀ ਖੁਣਸੀ ਹੋ ਜਾਂਦੇ ਹਨ ਤੇ ਉਹਨਾਂ ਦਾ ਮਨ ਨਹੀਂ ਟਿਕਦਾ। ਇਸ ਲਈ ਸਿੱਖੀ ਮਾਰਗ ਤੋਂ ਥਿੜਕ ਜਾਂਦੇ ਹਨ, ਜਾਂ ਡਾਵਾਂ-ਡੋਲ ਅਵਸਥਾ ਵਿਚ ਜੀਵਨ ਗੁਜ਼ਾਰਦੇ ਹਨ।

ਖ਼ੈਰ ਅਗਲੇ ਪੜਾਅ ਵਹੀਰ ਆਪਣੇ ਟਿਕਾਣੇ ਪੁਜ ਕੇ ਕਿਸੇ ਵੱਡੇ ਥਾਂ, ਸਕੂਲ, ਗੁਰੂ-ਦੁਆਰੇ ਜਾਂ ਧਰਮਸਾਲ ਵਿੱਚ ਲੰਗਰ ਸਜਾਂਦਾ ਅਤੇ ਦਿਨੇ ਆਰਾਮ ਕਰਦਾ। ਸ਼ਾਮ ਨੂੰ ਇਸ ਵਹੀਰ ਵਿਚੋਂ ਹੀ ਕੁਝ ਸਜਣ, ਜੋ ਗੁਰੂ ਬਾਣੀ ਦੀਆਂ ਲਗਾਂ ਮਾਤ੍ਰਾਂ ਦੇ ਜਾਣੂ ਸਨ, ਸਮੁੱਚੇ ਵਹੀਰ ਨੂੰ ਪਾਠ-ਭੇਦਾਂ ਤੋਂ ਇਕ ਘੰਟੇ ਲਈ ਜਾਣੂ ਕਰਾਂਦੇ। ਇਸ ਤੋਂ ਇਲਾਵਾ ਕੁਝ ਗੁਰ-ਇਤਿਹਾਸ ਭੀ, ਅਤੇ ਕੁਝ ਗੁਰੂ-ਘਰ ਦੇ ਪੁਰਾਤਨ ਸਿੰਘਾਂ ਦੇ ਜੀਵਨ ਵਿਚੋਂ ਕੁਝ ਕੁ ਘਟਨਾਵਾਂ, ਜਿਹੜੀਆਂ ਕਦੀ ਕਿਤੇ ਲਿਖਤ ਰੂਪ ਵਿਚ ਘਟ ਹੀ ਦੇਖਣ ਵਿਚ ਆਈਆਂ ਹਨ, ਭੀ ਵਹੀਰ ਦੇ ਸਿੰਘਾਂ ਨੂੰ ਸੁਣਾਈਆਂ ਜਾਂਦੀਆਂ।

ਸ਼ਾਮ ਛੇ ਵਜੇ ਤੋਂ ਸਤ ਵਜੇ ਤਕ ਪਿੰਡ ਨਿਵਾਸੀਆਂ ਨੂੰ ਪੁਰਾਤਨ ਸਿੰਘਾਂ ਦੇ ਗਤਕੇ ਅਤੇ ਤਲਵਾਰ (ਤੇਗ)


www.AKJ.Org

ਦੇ ਜੌਹਰ ਦਿਖਾ ਕੇ ਪ੍ਰੇਰਿਆ ਜਾਂਦਾ। ਫਿਰ ਇਸ਼ਨਾਨੇ ਸੋਧ, ਲੰਗਰ ਛਕ, ਸਵਾ ਅਠ ਵਜੇ ਤਕ ਰਹਿਰਾਸ ਸਾਹਿਬ ਦਾ ਪਾਠ ਹੁੰਦਾ। ਉਪਰੰਤ ਪੌਣੇ ਬਾਰ੍ਹਾਂ ਤਕ ਅਖੰਡ ਕੀਰਤਨ, ਤੇ ਅਰਦਾਸਾ। ਅਰਦਾਸੇ ਤੋਂ ਪਿਛੋਂ ਸੰਗਤ ਨੂੰ ਸਾਧਾਰਨ ਸ਼ਬਦਾਂ ਵਿਚ ਅੰਮ੍ਰਿਤ ਪਾਨ ਕਰਨ ਲਈ ਪ੍ਰੇਰਿਆ ਜਾਂਦਾ। ਸਾਨੂੰ ਅਗਲੇ ਦਿਨ ਵਿਦਾਇਗੀ ਸਮੇਂ ਸੰਗਤਾਂ ਨੇ ਦਸਣਾ ਕਿ ਇਸ ਪ੍ਰੋਗਰਾਮ ਦਾ ਕਿੰਨਾ ਪਰਭਾਵ ਪਿਆ। ਕਿੰਨੇ ਬੰਦੇ ਸ਼ਰਾਬ ਅਤੇ ਤੰਬਾਕੂ ਛਡਣ ਦਾ ਪ੍ਰਣ ਕਰ ਗਏ।

ਦਰਅਸਲ ਇਹ ਵਹੀਰ ਇਕ ਤਜਰਬਾ ਹੀ ਸੀ, ਜਿਸਦਾ ਮਕਸਦ ਸੀ ਗੁਰੂ ਦਾ ਸੰਦੇਸ਼ ਪਿੰਡੋ-ਪਿੰਡ ਘਰ ਘਰ ਪਹੁੰਚਾਣਾ। ਅਗੋਂ ਉਸ ਗੁਰੂ-ਕਰਤਾਰ ਦੀ ਆਪਣੀ ਰਜ਼ਾ ਹੈ ਜਿਸ ਜਿਸ ਤੇ ਮੇਹਰ ਕਰਨੀ ਸੀ, ਉਹ ਉਹ ਪ੍ਰਾਣੀ ਕੀਰਤਨ ਸੁਣ ਕੇ ਪ੍ਰੇਰਿਆ ਗਿਆ ਅਤੇ ਦਸੰਵੇਂ ਦਿਨ ਜਦੋਂ ਅੰਮ੍ਰਿਤ-ਸਿੰਚਾਰ ਮਮੀ-ਚਕਰਾਂਗਾ ਰਾਵੀ ਦਰਿਆਓਂ ਪਾਰ ਹੋਇਆ ਤਾਂ ਲਗ ਪਗ ਸੌ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਇਉਂ ਲਗਦਾ ਸੀ ਕਿ ਮਾਹੀ ਦੀ ਸਦ ਸੁਣ ਕੇ ਪਿਆਰੀਆਂ ਸਖੀਆਂ ਸੁਚਿਆਰ ਬਣਨ ਲਈ ਇਕ ਦੂਜੇ ਨਾਲੋਂ ਅਗੇ ਅਗੇ ਦੌੜ ਰਹੀਆਂ ਹੋਣ।

ਇਸ ਵਹੀਰ ਦੇ ਪ੍ਰਬੰਧਕ ਵੀਰਾਂ ਦੀ ਸੇਵਾ ਵਿਚ ਕੁਝ ਸੁਝਾ ਹਨ। ਆਸ ਹੈ ਉਹ ਅਗਲੇ ਵਹੀਰਾਂ ਸਮੇਂ ਇਨ੍ਹਾਂ ਵਲ ਧਿਆਨ ਦੇਣਗੇ।

੧. ਵਹੀਰ ਵਿਚ ਬੱਚੇ ਨਾ ਲਿਜਾਏ ਜਾਣ, ਕਿਉਂਕਿ ਉਹ ਮਾਹੌਲ ਨੂੰ ਗੰਭੀਰ ਹੋਣ ਤੋਂ ਰੋਕਦੇ ਹਨ।

੨. ਕਿਹਾ ਚੰਗਾ ਹੋਵੇ ਕਿ ਵਹੀਰ ਦੋ ਚਾਰ ਪਿੰਡਾਂ ਨੂੰ ਅਪਣਾ (Adopt) ਲਵੇ ਅਤੇ ਸਾਰਾ ਸਾਲ ਉਨ੍ਹਾਂ ਤੇ ਕੰਮ ਕਰੇ। ਮਹੀਨੇ ਵਿਚ ਦੋ ਚਾਰ ਦਿਨ ਉਥੇ ਰਿਹਾ ਜਾਵੇ। ਪਿੰਡ ਦੇ ਲੋਕਾਂ ਵਿਚ ਰਹਿਣ ਨਾਲ ਉਹਨਾਂ ਦੇ ਜੀਵਨ ਤੇ ਚੰਗਾ ਡੂੰਘਾ ਪਰਭਾਵ ਪਵੇਗਾ।

੩. ਵੇਖਣ ਵਿਚ ਆਇਆ ਹੈ ਅਤੇ ਇਤਿਹਾਸ ਭੀ ਗਵਾਹੀ ਦਿੰਦਾ ਹੈ ਕਿ ਸਤਿਗੁਰਾਂ ਨੇ ਆਪਣੇ ਸਿਖਾਂ ਨੂੰ 'ਬਾਣਾ' ਦੇਣ ਤੋਂ ਪਹਿਲਾਂ 'ਬਾਣੀ' ਬਖਸ਼ੀ। ਜਿਸਦੇ ਪਲੇ ਬਾਣੀ ਹੈ ਉਸ ਦਾ ਬਾਣਾ ਪੱਕਾ। ਜਿਸ ਪਾਸ ਬਾਣਾ ਹੀ ਬਾਣਾ ਹੈ, ਤੇ ਬਾਣੀ ਨਹੀਂ, ਉਸ ਦੇ ਨਿਰੇ ਬਾਣੇ ਦਾ ਕੋਈ ਭਰੋਸਾ ਨਹੀਂ। ਸਾਡੇ ਅਜ ਦੇ ਧਰਮ-ਪ੍ਰੇਮੀ ਸਿਖ ਬਾਣੇ ਦੀ ਢਾਹ ਤੋਂ ਜਿਤਨੇ ਦੁਖੀ ਹੁੰਦੇ ਹਨ, ਜੇ ਉਹ ਰਤਾ ਕੁ ਗਹੁ ਨਾਲ ਵਿਚਾਰਨ, ਕਿ 'ਬਾਣਾ' ਬਿਨਾਂ 'ਬਾਣੀ' ਦੇ ਕਿਸੇ ਲੇਖੇ ਨਹੀਂ। ਉਸ ਨੂੰ ਤਾਂ ਗੁਰੂ ਮਹਾਰਾਜ ਨੇ ਭੀ ਭੇਖੀ ਅਤੇ ਮੂਰਖ ਆਖਿਆ।

ਧਰੇ ਕੇਸ ਜੋ ਪਾਹੁਲ ਬਿਨ ਭੇਖੀ ਮੂਰਖ ਸਿਖ।
ਮੇਰਾ ਦਰਸ਼ਨ ਨਾਹਿ ਤਿਸ ਪਾਪੀ ਤਿਆਗੇ ਬਿਖ।

ਜੋ ਰਹਿਤਵਾਨ ਬਣੇ, ਉਹ ਪਹਿਲਾਂ ਬਾਣੀ ਪੜ੍ਹੇ, ਸੁਣੇ, ਕੰਠ ਕਰੇ। ਇਸ ਲਈ ਵਹੀਰ ਪਿੰਡੋ ਪਿੰਡ ਬਾਣੀ ਪੜ੍ਹਾਣ ਦਾ ਕਾਰਜ ਭੀ ਹਥੀਂ ਲਵੇ ਅਤੇ ਘਟੋ ਘੱਟ ਜਪੁਜੀ ਸਾਹਿਬ ਅਤੇ ਰਹਿਰਾਸ ਸਾਹਿਬ ਦੀਆਂ ਬਾਣੀਆਂ ਦਾ ਪਾਠ ਗੁਟਕੇ ਤੋਂ ਕਰਨ ਦਾ ਅਭਿਆਸ ਕਰਾਏ ਅਤੇ ਜਨਤਾ ਨੂੰ ਗੁਟਕੇ ਮੁਫਤ ਵੰਡੇ। ਅਗਲੇ ਮਹੀਨੇ ਪਾਠ ਸੁਣੇ। ਫਿਰ ਅਗਲੇ ਮਹੀਨਿਆਂ ਵਿਚ ਇਸੇ ਤਰ੍ਹਾਂ ਹੋਰ ਬਾਣੀਆਂ ਯਾਦ ਕਰਾਵੇ।

੪. ਵਹੀਰ ਦੇ ਪ੍ਰਬੰਧਕ ਜਿਥੇ ਪਰਉਪਕਾਰ ਦਾ ਕੰਮ ਕਰਨ ਵਿਚ ਸਮਾਂ ਖਰਚ ਕਰਦੇ ਹਨ, ਉਥੇ ਥੋੜਾ ਹੋਰ ਉਦਮ ਕਰ ਕੇ, ਕੀਰਤਨੀ ਸਿੰਘਾਂ ਸਿੰਘਣੀਆਂ (ਵਹੀਰ ਅੰਦਰ ਵਿਚਰ ਰਹਿਆਂ) ਨੂੰ ਸ਼ਬਦ ਕੰਠ ਕਰ ਕੇ ਕੀਰਤਨ ਦੀ ਸੇਵਾ ਲਈ ਤਿਆਰ ਕਰਨ। ਕਈ ਪਿੰਡਾਂ ਵਿਚ ਬਿਜਲੀ ਨਹੀਂ ਹੁੰਦੀ, ਜਾਂ ਕੀਰਤਨ ਕਰਦੇ ਕਰਦੇ ਬੁਝ ਜਾਂਦੀ ਹੈ, ਤਾਂ ਲੈਂਪ ਦੇ ਆਉਣ ਤਕ ਕੇਵਲ ਵਾਹਿਗੁਰੂ ਵਾਹਿਗੁਰੂ ਦੀ ਧੁਨੀ ਹੀ ਲਗਦੀ ਹੈ। ਵੈਸੇ ਭੀ ਜੇ ਪੁਰਾਤਨ ਸਿੰਘਾਂ ਵਾਲੇ ਵਹੀਰ, ਤੇ ਜੰਗਲਾਂ ਵਿਚ ਵਾਸ ਵਾਲੇ ਨਿਸ਼ਾਨੇ ਵਲ ਸੇਧ ਹੈ ਤਾਂ ਪੁਰਾਤਨ ਸਿੰਘਾਂ ਨੂੰ ਬਾਣੀ ਬੜੀ ਕੰਠ ਹੁੰਦੀ ਸੀ। ਦਸ ਦਿਨਾਂ ਵਿਚ ਵਹੀਰ ਦੇ ਕੀਰਤਨ ਦੀ ਸੇਵਾ ਕਰਨ ਵਾਲੇ ਵੀਰ ਤੇ ਭੈਣਾਂ ਪੋਥੀ ਤੋਂ ਬਿਨਾਂ ਕੀਰਤਨ ਦਾ ਸੁਭਾਅ ਪਾਉਣ ਤਾਂਕਿ ਅਸੀਂ ਇਸ ਘੋਰ ਬੇ-ਅਦਬੀ ਤੋਂ ਬਚ ਸਕੀਏ। ਜਿਥੇ ਅਸੀਂ ਗੁਰਬਾਣੀ ਬੜੇ ਜੋਸ਼ ਵਿਚ, ਅਤੇ ਵਲਵਲੇ ਪਿਆਰ ਨਾਲ



www.AKJ.Org

ਗਾਉਂਦੇ ਹਾਂ, ਉਥੇ ਅਸੀਂ ਇਸ ਨੂੰ ਪੂਰੇ ਅਦਬ ਨਾਲ ਰਖੀਏ । ਪੋਥੀਆਂ ਵਾਜੇ ਤੇ ਰਖ ਕੇ, ਸਾਰੀ ਸੰਗਤ ਦੇ ਸਾਹਮਣੇ ਅਸੀਂ ਪੋਥੀਆਂ ਤੇ ਥੁੱਕਾਂ ਪੈਂਦੀਆਂ ਕਿਵੇਂ ਬਰਦਾਸ਼ਤ ਕਰਦੇ ਹਾਂ ?

ਸੋ ਵਹੀਰ ਇਕ ਦੋ-ਧਾਰੇ ਖੰਡੇ ਸਮਾਨ ਹੋਵੇ, ਜੋ ਵਹੀਰ ਦੇ ਸਿੰਘਾਂ ਨੂੰ ਅਤੇ ਉਨ੍ਹਾਂ ਨੂੰ ਜੋ ਉਨ੍ਹਾਂ ਦੇ ਸੰਪਰਕ ਵਿਚ ਆਉਣ, ਅਗੇ ਨਾਲੋਂ ਉਚਾ ਤੇ ਸੁਚਾ ਬਣਾਵੇ ਅਤੇ ਵਧੇਰੇ ਬਾਣੀ ਨਾਲ ਰੰਗੇ ।

ਅੰਤ ਵਿਚ ਵਹੀਰ ਦੀ ਇਹ ਗੱਲ ਸ਼ਲਾਘਾ ਯੋਗ ਸੀ ਕਿ ਉਹ ਆਪਣਾ ਰਾਸ਼ਨ ਅਤੇ ਬਰਤਨ ਨਾਲ ਹੀ ਰਖਦੇ ਸਨ । ਪਿੰਡ ਵਾਸੀਆਂ ਨੂੰ ਇਹ ਤਾਂ ਕਹਿਣਾ ਹੀ ਨਹੀਂ ਬਣਦਾ ਕਿ ਅਸੀਂ ਤੁਹਾਨੂੰ ਤਾਰਨ ਆਏ ਹਾਂ, ਸਾਨੂੰ ਰਸਦ ਪਾਣੀ ਦਿਉ । ਪਿੰਡ ਨਿਵਾਸੀਆਂ ਨੇ ਵਹੀਰ ਦੀਆਂ ਬੋਰੀਆਂ ਤਕ ਕੇ ਬੜੀ ਖੁਲ੍ਹ-ਦਿਲੀ ਨਾਲ ਸੇਵਾ ਕੀਤੀ । ਜੇ ਹੋ ਸਕੇ ਤਾਂ ਇਹ ਬੋਝ ਘਟ ਤੋਂ ਘਟ ਹੀ ਪਾਇਆ ਜਾਏ । ਸਿੰਘ ਆਪਣੇ ਦੱਸਵੰਧ ਵਿਚੋਂ ਹੀ ਇਸ ਮਹਾਨ ਕਾਰਜ ਲਈ ਮਾਇਆ ਦੇਣ ।

ਜਤਨ ਸ਼ਲਾਘਾ ਯੋਗ ਹੈ । ਸਿਟੇ ਭੀ ਚੰਗੇ ਨਿਕਲੇ ਹਨ । ਇਸ ਨੂੰ (follow up) ਹੁਣ ਸੰਭਾਲਣ ਦੀ ਲੋੜ ਹੈ । ਜੇ ਬੀਜ ਸਿਟਿਆ ਹੈ ਤਾਂ ਗੋਡੀ ਕਰਦੇ ਰਹਿ । ਮਹਾਰਾਜ ਦੀਆਂ ਖੁਸ਼ੀਆਂ ਹੀ ਖੁਸ਼ੀਆਂ ਹਨ ।

—o—

## ਕੋਟ ਫਤੂਹੀ ਵਿਖੇ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ

ਸਨਿਮਰ ਬਿਨੈ ਹੈ ਕਿ ਦਾਸਾਂ ਦੇ ਗ੍ਰਿਹਿ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਸ਼ਨੀਵਾਰ ੭-੮-੭੬ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ । ਉਪਰੰਤ ੧੨ ਵਜੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ । ਅੰਮ੍ਰਿਤ-ਸੰਚਾਰ ਪੰਜ ਵਜੇ ਸ਼ਾਮ ਨੂੰ ਸ਼ੁਰੂ ਹੋਵੇਗਾ । ਰੈਣ ਸਬਾਈ ਕੀਰਤਨ ਸ਼ਾਮ ਨੂੰ ਸੋਦਰ ਤੋਂ ਉਪਰੰਤ ਅਠ ਵਜੇ ਅਰੰਭ ਹੋਵੇਗਾ, ਜਿਸ ਦਾ ਭੋਗ ਐਤਵਾਰ ਸਵੇਰੇ ੬ ਵਜੇ ਪਵੇਗਾ । ਸਮੂੰਹ ਸੰਗਤਾਂ ਦਰਸ਼ਨ ਬਖ਼ਸ਼ ਕੇ ਦਾਸਾਂ ਨੂੰ ਨਿਵਾਜੋ ਜੀ ।

ਕੋਟ ਫਤੂਹੀ ਪਿੰਡ ਫਗਵਾੜਾ—ਮਾਹਿਲਪੁਰ ਸੜਕ ਤੇ ਹੈ । ਫਗਵਾੜਾ, ਮਾਹਿਲਪੁਰ, ਬੰਗਾ, ਬਹਿਰਾਮ-ਪੁਰ ਆਦਿ ਤੋਂ ਸ਼ਾਮ ਤਕ ਬਸਾਂ ਮਿਲਦੀਆਂ ਰਹਿੰਦੀਆਂ ਹਨ ।

ਦਾਸਰੇ—ਨਿਰਮਲ ਸਿੰਘ ਮਲਕੀਅਤ ਸਿੰਘ, ਕੋਟ ਫਤੂਹੀ ਜ਼ਿਲਾ ਹੁਸ਼ਿਆਰਪੁਰ

## ਅੰਮ੍ਰਿਤਸਰ ਅਖੰਡ ਕੀਰਤਨੀ ਜੱਥੇ ਵਲੋਂ ਐਤਵਾਰ ਦੇ ਕੀਰਤਨ-ਪ੍ਰੋਗਰਾਮ

੮ ਅਗਸਤ ਸਵੇਰੇ ੬ ਤੋਂ ੯॥ ਗੁਰਦੁਆਰਾ ਈਸਟ ਮੋਹਨ ਨਗਰ (ਅਜੀਤ ਨਗਰ) ਸ. ਮਨਜੀਤ ਸਿੰਘ ਵਲੋਂ
ਸ਼ਾਮ ੬ ਤੋਂ ੮॥ ਸ. ਕੁਲਦੀਪ ਸਿੰਘ ਜੀ S.D.O. ਵੇਰਕਾ ਪਾਵਰ ਹਾਊਸ

੧੫ ਅਗਸਤ ਸਵੇਰੇ ੬ ਤੋਂ ੯॥ ਸੂਬੇਦਾਰ ਮੇਜਰ ਜਗਜੀਤ ਸਿੰਘ ਜੀ, ਕੁਆਟਰ N.P.I. M.E.S. ਕਾਲੋਨੀ, ਨੇੜੇ ਥਮਈਆ ਪਾਵਰ ਹਾਊਸ, ਸਦਰ ਬਜ਼ਾਰ ਰੋਡ, ਅੰਮ੍ਰਿਤਸਰ ਛਾਉਣੀ ।

੨੨ ਅਗਸਤ ਸਵੇਰੇ ੫॥ ਵਜੇ ਤੋਂ ਬਸ ਰਾਹੀਂ ਯਾਤਰਾ ਘੰਟਾਘਰ ਚੌਂਕ ਤੋਂ ਬਾਬਾ ਬਕਾਲਾ, ਖਡੂਰ ਸਾਹਿਬ, ਗੋਇੰਦਵਾਲ, ਡੇਹਰਾ ਸਾਹਿਬ, ਚੋਲਾ ਸਾਹਿਬ, ਬੀੜ ਬਾਬਾ ਬੁਢਾ ਜੀ, ਸੰਨ੍ਹ ਸਾਹਿਬ, ਵਡਾਲੀ ਸਾਹਿਬ, ਛੇਹਰਟਾ ਤੇ ਅੰਮ੍ਰਿਤਸਰ ।

੨੯ ਅਗਸਤ ਸਵੇਰੇ ਸਾਲਾਨਾ ਸਮਾਗਮ ਬਟਾਲਾ ਸ਼ੁਰੂ
ਸ਼ਾਮ ੫॥ ਤੋਂ ੮ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਅਖੰਡ ਕੀਰਤਨ ਹੋਣਗੇ ।

## ਮੁਕਤਸਰ ਵਿਖੇ ਅਖੰਡ ਕੀਰਤਨ ਸਮਾਗਮ ਦੀਆਂ ਤਰੀਕਾਂ ਵਿਚ ਸੋਧ

ਸਮਾਗਮ ੧੬ ਤੋਂ ੧੯ ਸਤੰਬਰ ਤਕ ਹੋ ਰਹੇ ਹਨ । ਵੇਰਵੇ ਸਹਿਤ ਪ੍ਰੋਗਰਾਮ ਆਉਂਦੇ ਪਰਚੇ ਵਿਚ ।

www.AKJ.Org

# ਸਿਨੇਮਾ ਦੀ ਲਾਅਨਤ

[ਵਲੋਂ:-ਸ: ਮਨਜੀਤ ਸਿੰਘ ਜੀ, ਅੰਮ੍ਰਿਤਸਰ]

ਕੌਮ ਦੇ ਰਹਿਣ ਬਹਿਣ ਤੇ ਆਚਾਰ-ਵਿਹਾਰ ਉਤੇ ਸਿਨੇਮਾ ਦਾ ਕਿੱਡਾ ਭਾਰਾ ਅਸਰ ਪੈ ਰਿਹਾ ਹੈ, ਇਸ ਦੀਆਂ ਕੁਝ ਮਿਸਾਲਾਂ ਲਓ। ਕਾਲਜ ਦੇ ਮੁੰਡੇ, ਸਜਰੀ ਕਮਾਈ ਕਰਨ ਵਾਲੇ ਮਜ਼ਦੂਰ, ਜ਼ਰੂਰੀ ਲੋੜਾਂ ਤੇ ਖ਼ੁਰਾਕ ਵਿਚੋਂ ਦੁੱਧ ਆਦਿ ਤਿਆਗ ਕੇ, ਬੱਚਿਆਂ ਦੀ ਤਾਲੀਮ ਤੋਂ ਪੈਸੇ ਬਚਾ ਕੇ ਸਿਨੇਮਾ ਵੇਖਣਗੇ। ਉਹ ਰਹਿ ਨਹੀਂ ਸਕਦੇ।

ਇਕ ਫ਼ਿਲਮ ਵੇਖੋ ਤਾਂ ਦੂਜੀ ਵੇਖਣ ਲਈ ਦਿਲ ਕਰਦਾ ਹੈ। ਰਜੇਵਾਂ ਨਹੀਂ ਆਉਂਦਾ, ਸਗੋਂ ਭੁਖ ਵੱਧਦੀ ਹੀ ਜਾਂਦੀ ਹੈ।

ਜੇ ਕੋਈ ਫ਼ਿਲਮ ਐਕਟਰੈਸ ਸ਼ਹਿਰ ਵਿਚ ਆ ਜਾਵੇ ਤਾਂ ਵੇਖਣ ਵਾਲਿਆਂ ਦਾ ਏਡਾ ਰੱਸ਼ ਹੋ ਜਾਂਦਾ ਹੈ ਜੇਡਾ ਕਿਸੇ ਕੌਮੀ ਹੀਰੋ ਦੇ ਆਉਣ ਤੇ ਵੀ ਨਾ ਹੋਵੇ। ਇਹ ਰੱਸ਼ ਵੇਖ ਕੇ ਆਦਮੀਅਤ ਸ਼ਰਮਾ ਜਾਂਦੀ ਹੈ ਕਿਉਂਕਿ ਦਰਸ਼ਨ ਕਰਨ ਦੀ ਉਤਸੁਕਤਾ ਵਿਚ ਪਸ਼ੂ-ਬਿਰਤੀ ਕੰਮ ਕਰ ਰਹੀ ਹੈ।

ਅੱਜ ਦੇ ਪਹਿਰਾਵੇ ਵੇਖੋ। ਉਹੋ ਪਹਿਰਾਵਾ ਫ਼ੈਸ਼ਨ ਅਨੁਸਾਰ ਹੈ ਜੋ ਕਿਸੇ ਐਕਟਰ ਜਾਂ ਐਕਟਰੈਸ ਦੀ ਨਕਲ ਹੋਵੇ। ਨੰਗੇ ਲੱਕ ਵਾਲੇ ਜੰਪਰ, ਨੰਗੀਆਂ ਬਾਹਾਂ, ਪਤਲੇ ਕਪੜੇ, ਜਿਨ੍ਹਾਂ ਵਿਚੋਂ ਸਰੀਰ ਦਾ ਰੂਪ ਝਲਕਾਂ ਮਾਰੇ, ਆਦਿਕ ਡਰੈਸਾਂ ਸਿਨੇਮਾ ਵਿਚੋਂ ਹੀ ਘਰਾਂ, ਗਲੀਆਂ ਤੇ ਬਜ਼ਾਰਾਂ ਵਿਚ ਪੁਜੀਆਂ ਹਨ। ਕਪੜਿਆਂ ਦੇ ਨਾਮ ਬਜ਼ਾਜ਼ ਲੋਕ ਐਕਟਰ, ਐਕਟਰੇਸਾਂ ਤੇ ਫ਼ਿਲਮਾਂ ਦੇ ਨਾਮ ਤੇ ਰਖਦੇ ਹਨ ਤੇ ਕਹਿੰਦੇ ਹਨ ਕਿ ਇਉਂ ਉਨ੍ਹਾਂ ਦਾ ਸੌਦਾ ਚੰਗੇ ਮੁੱਲ ਅਤੇ ਬਹੁਤ ਜ਼ਿਆਦਾ ਵਿਕਦਾ ਹੈ। ਇਹ ਸਿਨੇਮਾ ਦਾ ਸਾਡੇ ਨਿਤ-ਜੀਵਨ ਤੇ ਅਸਰ ਹੈ।

ਅਜ ਸਾਡਾ ਸਮਾਜ ਜਿੰਨਾ ਫ਼ਿਲਮਾਂ, ਐਕਟਰਾਂ, ਐਕਟਰੈਸਾਂ, ਉਨ੍ਹਾਂ ਦੇ ਨਿਜੀ ਜੀਵਨ ਸੰਬੰਧੀ ਚਰਚਾ ਕਰਦਾ ਹੈ ਜਾਂ ਲਿਟਰੇਚਰ ਪੜ੍ਹਦਾ ਹੈ ਉੱਨਾ ਹੋਰ ਕਿਸੇ ਵਿਸ਼ੇ ਸੰਬੰਧੀ ਨਹੀਂ ਪੜ੍ਹਦਾ। ਫ਼ਿਲਮੀ ਰਸਾਲੇ, ਪੱਤਰ, ਅਖ਼ਬਾਰ ਇਤਨੇ ਪੜ੍ਹੇ ਜਾਂਦੇ ਹਨ ਕਿ ਉਹ ਗੰਭੀਰ ਮਸਲਿਆਂ ਤੇ ਵਿਚਾਰ ਕਰਨ ਵਾਲੇ ਪਤਰਾਂ ਨੂੰ ਬਹੁਤ ਪਿਛੇ ਛਡ ਗਏ ਹਨ।

ਸਿਨੇਮਾ, ਲੋਕਾਂ ਨੂੰ ਚੋਰੀ ਦੀਆਂ ਨਵੀਆਂ ਨਵੀਆਂ ਕਲਾਵਾਂ ਸਿਖਾ ਰਿਹਾ ਹੈ, ਡਾਕੇ ਪਾਣ ਦੇ ਨਵੇਂ ਢੰਗ ਸਿਖਾ ਰਿਹਾ ਹੈ, ਸ਼ਰਾਬ ਪੀਣਾ, ਨਿਰਲੱਜਤਾ ਤੇ ਵਿਭਚਾਰ ਸਿਖਾ ਰਿਹਾ ਹੈ। ਸਿਨੇਮਾ, ਮਨੋਰੰਜਨ ਸ਼ਾਇਦ ਹੋਵੇਗਾ, ਤਜਰਬਾ ਦਸਦਾ ਹੈ ਕਿ ਅਜ ਜੋ ਸੰਸਕਾਰ ਮਾਤਾ ਪਿਤਾ ਆਪਣੇ ਪੁੱਤਰ ਉਤੇ, ਉਸਤਾਦ ਆਪਣੇ ਸ਼ਗਿਰਦਾਂ ਉਤੇ ਨਹੀਂ ਪਾ ਸਕਦੇ, ਉਹ ਸੰਸਕਾਰ ਸਿਨੇਮਾ ਦੀ ਰੰਗ-ਬਰੰਗੀ ਦੁਨੀਆ ਘੰਟਿਆਂ ਵਿਚ ਪਾ ਦੇਂਦੀ ਹੈ। ਏਡੀ ਭਾਰੀ ਸ਼ਕਤੀ ਨੂੰ ਮਨਮਾਨੀ ਕਰਨ ਲਈ ਬੱਚਿਆਂ ਤੇ ਨੌਜੁਆਨਾਂ ਵਿਚ ਖੁਲ੍ਹਿਆਂ ਛਡ ਦੇਣਾ, ਜਿਹੜੇ ਛੇਤੀ ਅੇਝੜ ਪਾਏ ਜਾ ਸਕਦੇ ਹਨ, ਕੇਡੀ ਵੱਡੀ ਗ਼ਲਤੀ ਹੈ।

ਸਾਡੀ ਭਾਰਤ ਦੀ 'ਤਹਿਜ਼ੀਬ' ਅਤੇ 'ਗੁਰਮਤਿ' ਆਦਰਸ਼ਵਾਦੀ ਹਨ। ਅਜਿਹੇ ਜੀਵਨ ਨੂੰ ਅਜ ਦਾ ਨੌਜਵਾਨ ਜੀਵਨ ਨਹੀਂ ਮੰਨਦਾ। ਅਸੀਂ ਸਮਝਦੇ ਹਾਂ, ਹੁਣ ਦਾ ਜੀਵਨ, ਆਉਣ ਵਾਲੇ ਜੀਵਨ ਦੀ ਇਕ ਝੱਲਕ ਹੈ, ਅਗਾ ਸੁਆਰਨਾ ਸਾਡਾ ਆਦਰਸ਼ ਹੈ। ਪਰ ਅਜ ਦੁਨੀਆ ਦਾ ਰੁਖ਼ ਸਾਇੰਸ ਰਾਹੀਂ ਮਾਦਾ-ਪ੍ਰਸਤੀ ਵਲ ਬਹੁਤਾ ਹੋ ਰਿਹਾ ਹੈ। ਜੀਵਨ ਫ਼ਿਲਾਸਫ਼ੀ ਮਾਦਾ-ਪ੍ਰਸਤੀ ਵਾਲੀ ਹੁੰਦੀ ਜਾ ਰਹੀ ਹੈ, ਭਾਰਤ ਦਾ ਕਲਿਆਣ ਮਾਦਾ-ਪ੍ਰਸਤੀ ਵਿਚ ਨਾ ਕਦੇ ਹੋਇਆ ਹੈ ਤੇ ਨਾ ਹੋਵੇਗਾ। ਭਾਰਤ ਆਦਰਸ਼ਵਾਦੀ ਰਿਹਾ ਹੈ ਤੇ ਮਾਦੀ ਤਰੱਕੀ ਨੂੰ ਤਬਾਹੀ ਮਚਾਣ ਤੋਂ ਰੋਕਣ ਲਈ ਜੀਵਨ ਫ਼ਿਲਾਸਫ਼ੀ ਦਾ ਆਦਰਸ਼ਵਾਦੀ ਹੋਣਾ ਜ਼ਰੂਰੀ ਹੈ। ਸਿਨੇਮਾ ਮਾਦਾਪ੍ਰਸਤੀ ਤੇ ਅੱਜਵਾਦ ਦਾ ਜ਼ਬਰ-ਦਸਤ ਪ੍ਰਚਾਰਕ ਹੈ, ਕਿਉਂਕਿ ਇਸੇ ਵਿਚ ਸਿਨੇਮਾ ਦੀ ਤਰੱਕੀ ਹੈ। ਸੋ ਸਿਨੇਮਾ 'ਭਾਰਤੀ ਤਹਿਜ਼ੀਬ' ਤੇ "ਗੁਰਮਤਿ ਰਹਿਣੀ" ਦੋਹਾਂ ਦਾ ਸਖ਼ਤ ਵਿਰੋਧੀ ਹੈ। ਸਿਨੇਮਾ ਜੀਵਨ ਨੂੰ ਕਹਿੰਦਾ ਹੈ, 'ਇਹ ਸੰਸਾਰ ਮਿੱਠਾ ਤੇ ਅਗਲਾ ਕਿੰਨ੍ਹ ਡਿੱਠਾ' ਅਜ ਮਜ਼ੇ ਉੜਾ ਲਓ, ਕਲ ਮਰ ਜਾਣਾ ਹੈ।' ਜੀਵਨ ਦਾ ਇਹ ਦ੍ਰਿਸ਼ਟੀਕੋਣ ਸਭਿਅਤਾ ਨੂੰ ਖ਼ਤਮ ਕਰਨ ਵਾਲਾ ਹੈ ਤੇ ਖ਼ਾਸ ਕਰਕੇ ਸਾਡੀ ਸਭਿਅਤਾ ਨੂੰ।

["ਗੁਰਮਤਿ ਵਿਚਾਰ ਪਤ੍ਰਕਾ" ਵਿਚ ਛਪੇ ਲੇਖ ਵਿਚੋਂ

www.AKJ.Org

# ਖ਼ਾਲਸੇ ਦੀ ਬੇਬਸੀ ਤੇ ਮਜਬੂਰੀ ?

[ਵਿਅੰਗ ਵਿਨੋਦੀ ਜੀ ਦੀ ਕਲਮ ਤੋਂ]

ਜੇ ਤੁਸੀਂ ਟ੍ਰੀਬੀਊਨ ਅਖ਼ਬਾਰ ਪੜ੍ਹਦੇ ਹੋ ਤਾਂ ਤੁਹਾਡੇ ਨੋਟਿਸ ਵਿਚ ਪਹਿਲਾਂ ਹੀ ਆ ਗਿਆ ਹੋਣੈ, ਤੁਸੀਂ ਦੇਖ ਕੇ ਅਣਡਿਠ ਕਰ ਛਡਿਆ ਹੋਵੇ ਤਾਂ ਵਖਰੀ ਗੱਲ ਹੈ। ਪਰ ਜੇ ਤੁਸੀਂ ਇਸ ਦੈਨਿਕ ਪਰਚੇ ਨੂੰ ਨੇਮ ਅਨੁਸਾਰ ਨਹੀਂ ਪੜ੍ਹਦੇ ਤਾਂ ੨੩ ਅਪ੍ਰੈਲ ੧੯੭੬ ਦੇ ਪਰਚੇ ਦੇ ਪੰਨੇ ੧੦ ਉਤੇ ਦੇਖੋਗੇ ਕਿ ਮੋਵੈਕ ਇਲੈਕਟ੍ਰਾਨਿਕਸ ਪ੍ਰਾਈਵੇਟ ਲਿਮਟਿਡ ੪/ਡੀ-੨ ਅਕਾਸ਼ਦੀਪ, ਓਪੇਰਾ ਹਾਊਸ, ਫਰੈਂਚ ਬਰਿਜ, ਬੰਬਈ ੪੦੦੦੦੭ ਵਲੋਂ Movac Electronics Pvt. Ltd. 4/D-2 Akashdeep, Opera House, French Bridge, Bombay 400007) ਕੰਪਨੀ ਨੇ ਆਪਣੀ ਮਸ਼ਹੂਰੀ ਅਤੇ ਵਿਕਰੀ ਲਈ ਤਿਆਰ ਕੀਤੇ ਕੈਸਟਾਂ (ਟੇਪ-ਰੀਲਾਂ) ਦੀ ਮਸ਼ਹੂਰੀ ਕਰਨ ਲਈ ਵਖ ਵਖ ਪ੍ਰਾਂਤਾਂ ਦੇ ਵਖ ਵਖ ਕਿਸਮ ਦੇ ਲੋਕ-ਗੀਤਾਂ, ਗਜ਼ਲਾਂ, ਭਜਨਾਂ, ਕਾਫੀਆਂ ਆਦਿ ਗਾਉਣ ਵਾਲੇ ਵਿਅਕਤੀਆਂ ਜਿਨ੍ਹਾਂ ਦੁਆਰਾ ਇਹ ਕੈਸਟਾਂ (ਟੇਪ-ਰੀਲਾਂ) ਰੀਕਾਰਡ ਕਰਵਾਈਆਂ ਗਈਆਂ ਹਨ, ਦੀਆਂ ਫ਼ੋਟੋਆਂ ਛਾਪੀਆਂ ਹਨ। ਇਹ ਫ਼ੋਟੋਆਂ ਅਸਲੀ ਹਨ ਕਿ ਫ਼ਰਜ਼ੀ, ਇਹ ਕੰਪਨੀ ਵਾਲੇ ਹੀ ਜਾਣਦੇ ਹਨ।

ਇਹਨਾਂ ਗੀਤਾਂ, ਗ਼ਜ਼ਲਾਂ ਆਦਿ ਦੇ ਗਵੱਈਆਂ ਦੀਆਂ ਫ਼ੋਟੋਆਂ ਦੀ ਦੂਜੀ ਪਾਲ ਵਿਚ ਸਭ ਤੋਂ ਸਜੇ ਪਾਸੇ ਵਲ ਸਾਡੇ ਸਤਿਗੁਰਾਂ ਦੀ ਫ਼ੋਟੋ ਵੀ ਦਿਤੀ ਹੋਈ ਹੈ ਤੇ ਥਲੇ "ਸ਼ਬਦ (shabad)" ਲਿਖਿਆ ਹੋਇਆ ਹੈ। ਇਹ ਫ਼ੋਟੋ ਕਿਹੜੇ ਗੁਰੂ ਪਾਤਸ਼ਾਹ ਦੀ ਹੈ, ਇਸ ਬਾਰੇ ਪੱਕੇ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਗੁਰੂ ਸਾਹਿਬ ਦੀ ਫ਼ੋਟੋ ਹੋਣ ਬਾਰੇ ਇਨਕਾਰ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਇਕ ਤਾਂ ਸੀਸ ਉਤੇ ਜਿਗਾ ਕਲਗੀ ਸਜੀ ਹੋਈ ਹੈ ਤੇ ਦੂਜੇ ਸੀਸ ਦੇ ਦੁਆਲੇ ਪ੍ਰਕਾਸ਼-ਚਕਰ ਵੀ ਹੈ। ਤੁਸੀਂ ਸੋਚੋਗੇ ਕਿ ਗਜ਼ਲਾਂ, ਗੀਤਾਂ, ਕਾਫ਼ੀਆਂ ਆਦਿ ਦੀਆਂ ਰੀਲਾਂ ਭਰਨ ਲਈ ਬਜ਼ਾਰੀ ਗਵੱਈਆਂ ਨਾਲ ਹੀ ਕੰਮ ਸਾਰ ਲਿਆ ਗਿਆ ਹੈ, ਕਿਸੇ ਧਰਮ ਦੇ ਪੈਗ਼ੰਬਰ ਨੂੰ ਖੇਚਲ ਨਹੀਂ ਦਿਤੀ ਗਈ ਤਾਂ ਫਿਰ ਸ਼ਬਦਾਂ ਦੇ ਰਿਕਾਰਡ ਕਰਵਾਉਣ ਲਈ ਕਿਸੇ ਰਾਗੀ ਨਾਲ ਹੀ ਕਿਉਂ ਨਹੀਂ ਸਾਰ ਲਿਆ ਗਿਆ। ਇਸ ਦਾ ਉਤਰ ਸਵਾਏ ਕੰਪਨੀ ਵਾਲਿਆਂ ਤੋਂ ਕਿਧਰੋਂ ਹੋਰ ਤੋਂ ਮਿਲਣਾ ਅਸੰਭਵ ਜਾਪਦਾ ਹੈ।

ਇਹ ਸ਼ਬਦ ਦਾ ਰਿਕਾਰਡ ਗੁਰੂ ਮਹਾਰਾਜ ਤੋਂ ਕਦੋਂ ਅਤੇ ਕਿਹੜੀ ਥਾਂਵੇਂ ਭਰਵਾਇਆ ਗਿਆ, ਇਸ ਭੇਤ ਨੂੰ ਪ੍ਰਗਟ ਨਹੀਂ ਕੀਤਾ ਹੋਇਆ। ਕੰਪਨੀ ਕੋਲੋਂ ਪੁਛ ਗਿਛ ਕਰਨ ਤੇ ਸ਼ਾਇਦ ਕੁਝ ਸੂਹ ਨਿਕਲ ਸਕੇ। ਚਲੋ ਇਸ ਬਾਰੇ ਜੇ ਕਿਸੇ ਨੂੰ ਖੋਜ ਕਰਨ ਦਾ ਸ਼ੌਕ ਹੋਵੇ ਤਾਂ ਉਹ ਕੰਪਨੀ ਪਾਸੋਂ ਸਿਧੇ ਹੀ ਪੁਛ ਗਿਛ ਕਰ ਕੇ ਆਪਣੇ ਗਿਆਨ ਤੇ ਵਿਗਿਆਨ ਵਿਚ ਵਾਧਾ ਕਰ ਸਕਦੇ ਹਨ।

ਇਕ ਵਿਚਾਰ ਸੁਤੇ ਹੀ ਤੁਹਾਡੇ ਦਿਲ ਵਿਚ ਉਭਰੇਗਾ, "ਗੁਰੂ ਸਾਹਿਬ ਦੀ ਫੋਟੋ ਸਸਤੇ ਤੇ ਹਲਕੇ ਜਹੇ ਆਮ ਬਜ਼ਾਰੀ ਗਵੱਈਆਂ ਦੇ ਸੰਗ-ਸਾਥ ਛਪਵਾਣ ਦਾ ਹੀਆ ਇਸ ਕੰਪਨੀ ਨੂੰ ਕਿਵੇਂ ਪਿਆ ਅਤੇ ਫਿਰ ਟ੍ਰੀਬੀਊਨ ਅਖ਼ਬਾਰ ਦੇ ਅਧਿਕਾਰੀਆਂ ਨੂੰ ਜੋ ਸਿਖ ਸਿਧਾਂਤਾਂ ਅਤੇ ਰਵਾਇਤਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ, ਇਹ ਇਸ਼ਤਿਹਾਰ ਛਾਪਣ ਦੀ ਜੁਰੱਤ ਕਿਵੇਂ ਹੋਈ ?"

ਕੁਝ ਦੇਰ ਹਾਂਡੀ ਦੇ ਉਬਾਲ ਵਾਂਗ ਆਪਣੇ ਹੀ ਕੰਢੇ ਸਾੜ ਕੇ ਤੁਸੀਂ ਚੁਪ ਕਰ ਜਾਓਗੇ ਇਹ ਸੋਚ ਕੇ "ਕਿ ਫਿਰ ਅਸੀਂ ਇਸ ਮਾਮਲੇ ਵਿਚ ਕੀ ਕਰ ਸਕਦੇ ਹਾਂ, ਇਸ ਬਾਰੇ ਤਾਂ ਸਾਡੀਆਂ ਪ੍ਰਮੁਖ ਸੰਸਥਾਵਾਂ ਨੂੰ ਹੀ ਕੁਝ ਕਰਨਾ ਚਾਹੀਦਾ ਹੈ।"

ਫਿਰ ਤੁਹਾਡੇ ਦਿਲ ਵਿਚ ਆਵੇਗਾ ਕਿ ਸੰਸਥਾਵਾਂ ਤਾਂ ਕੌਮ ਦੇ ਵਡੇ ਵਡੇ ਕਾਰਜਾਂ ਵਿਚ ਰੁਝੀਆਂ ਪਈਆਂ ਹਨ, ਗੁਰਦਵਾਰਾ-ਚੋਣਾਂ ਅਤੇ ਗੁਰਦਵਾਰਿਆਂ ਦਾ ਪ੍ਰਬੰਧ ਏਡੇ ਵਡੇ ਮਸਲੇ ਹਨ ਜਿਨ੍ਹਾਂ ਤੋਂ ਕਿਸੇ ਹੋਰ ਕੰਮ ਬਾਰੇ ਸੋਚਣ ਦੀ ਵਿਹਲ ਮਿਲਣੀ ਔਖੀ ਹੈ।



www.AKJ.Org

ਏਡੀਆਂ ਵਡੀਆਂ ਸੰਸਥਾਵਾਂ ਦਾ ਏਨੇ ਛੋਟੇ ਛੋਟੇ ਮਸਲਿਆਂ ਬਾਰੇ ਸੋਚਣਾ ਅਸੰਭਵ ਹੈ।

ਫਿਰ ਬੇਬਸੀ ਦੀ ਹਾਲਤ ਵਿਚ ਤੁਸੀਂ ਸੋਚੋਗੇ ਕਿ ਕੀ ਹੋਇਆ ਜੇ ਬਜ਼ਾਰੀ ਗਵੱਈਆਂ ਨਾਲ ਸਾਡੇ ਸਤਿਗੁਰਾਂਦੀ ਫ਼ੋਟੋ ਛਪਗਈ ਤਾਂ ਕਹਿਰ ਕੀ ਆਗਿਆ? ਇਸ ਨਾਲ ਤਾਂ ਸਗੋਂ ਸਾਡੇ ਸਤਿਗੁਰਾਂ ਦੀ ਸ਼ਖਸੀਅਤ ਦਾ ਪ੍ਰਚਾਰ ਮੁਫਤੋ ਮੁਫਤ ਹੀ ਦੇਸਾਂ ਪ੍ਰਦੇਸਾਂ ਵਿਚ ਹੋ ਰਿਹਾ ਹੈ। ਪ੍ਰਚਾਰ ਦਾ ਇਹ ਵੀ ਇਕ ਨਵੀਨ ਢੰਗ ਹੈ। ਭਲਾ ਅਗੇ ਵੀ ਤਾਂ ਕਈ ਕੈਲੰਡਰਾਂ ਉਤੇ ਬਾਕੀ ਨੇਤਾਵਾਂ ਨਾਲ ਸਤਿਗੁਰਾਂ ਦੀਆਂ ਫ਼ੋਟੋ ਛਪੀਆਂ ਹੀ ਹਨ। ਕਿਸੇ ਦੇ ਭਲਾ ਕੋਈ ਹੱਥ ਫੜ ਸਕਦੈ। ਜਿਦਾਂ ਕਿਸੇ ਦੀ ਮਰਜ਼ੀ ਆਵੇ, ਕੋਈ ਛਾਪੇ, ਭਾਰਤ ਆਜ਼ਾਦ ਹੈ 'ਤੇ ਹਰੇਕ ਨੂੰ ਇਸ ਬਾਰੇ ਅਜ਼ਾਦੀ ਹੈ। ਫਿਰ ਤੁਹਾਨੂੰ ਸਿਖੀ ਅਣਖ ਅੰਦਰੋਂ ਟੁੰਬੇਗੀ ਤੇ ਤੁਸੀਂ ਸੋਚੋਗੇ ਕਿ ਭਾਰਤ ਨੂੰ ਅਜ਼ਾਦ ਹੋਇਆਂ ਤਾਂ ਬਹੁਤ ਵਰ੍ਹੇ ਹੋਏ ਹਨ, ਪਰ ਕਲੈਂਡਰਾਂ ਉਤੇ ਬਾਕੀ ਨੇਤਾਵਾਂ ਨਾਲ ਅਤੇ ਗਵੱਈਆਂ ਨਾਲ ਗੁਰੂ ਸਾਹਿਬ ਦੀਆਂ ਫ਼ੋਟੋਆਂ ਛਪਣੀਆਂ ਤਾਂ ਹੁਣੇ ਹੀ ਸ਼ੁਰੂ ਹੋਈਆਂ ਹਨ। ਤੁਸੀਂ ਇਸ ਦਾ ਕਾਰਨ ਲੱਭਣ ਲਈ ਸੋਚ ਦੇ ਸਮੁੰਦਰ ਵਿਚ ਗਰਕ ਹੋ ਜਾਓਗੇ। ਕੁਝ ਦੇਰ ਮਗਰੋਂ ਤੁਸੀਂ ਭੁੜਕ ਕੇ ਸਾਵਧਾਨ ਹੋ ਜਾਓਗੇ ਤੇ ਆਪ-ਮੁਹਾਰੇ ਬੋਲ ਉਠੋਗੇ : "ਠੀਕ ਏ ! ਕਿਸੇ ਦਾ ਕੀ ਕਸੂਰ. ਇਹ ਪਿਰਤ ਤਾਂ ਅਸਾਂ ਆਪ ਹੀ ਪੁਆਈ ਹੈ। ਤੇ ਸਿਖ ਬੋਲਿਆਂ ਅਤੇ ਗੁਰਬਾਣੀ ਦੀਆਂ ਅਧ-ਪਚੱਧੀਆਂ ਤੁਕਾਂ ਦੇ ਅਧਾਰ ਤੇ ਫ਼ਿਲਮਾਂ ਸਾਡੀਆਂ ਸੰਸਥਾਵਾਂ ਦੀ ਪ੍ਰਵਾਨਗੀ ਨਾਲ ਹੀ ਰੀਲੀਜ਼ ਹੋਈਆਂ ਹਨ, ਜਿਸ ਕਾਰਨ ਸਿਖ ਕੌਮ ਦਾ ਪਿਛਲਾ ਬਣਿਆ ਭੜ ਲਹਿ ਗਿਆ ਹੈ ਤੇ ਹੁਣ ਫ਼ਿਲਮ-ਕੰਪਨੀਆਂ ਤੇ ਹੋਰ ਵਪਾਰਕ ਕੰਪਨੀਆਂ ਜਿਵੇਂ ਦਿਲ ਆਉਂਦਾ ਹੈ, ਸਿਖਾਂ ਅਤੇ ਸਿਖ ਗੁਰੂ ਸਾਹਿਬਾਨ ਦੀਆਂ ਫ਼ੋਟੋਆਂ ਦਈ ਫਿਰਦੀਆਂ ਹਨ। ਤੁਹਾਨੂੰ ਹੁਣ ਤੌਖਲਾ ਜਿਹਾ ਜਾਪੇਗਾ ਕਿ ਫਿਰ ਓਹ ਦਿਹਾੜਾ ਦੂਰ ਨਹੀਂ ਜਦੋਂ ਸਤਿਗੁਰਾਂ ਦੀਆਂ ਫ਼ੋਟੋਆਂ ਸਕਰੀਨ ਤੇ ਆ ਜਾਣਗੀਆਂ। ਏਸੇ ਤਰ੍ਹਾਂ ਹੀ ਹੁੰਦੈ। ਖਲੋਣ ਦੀ ਥਾਂ ਹੋਵੇ ਤਾਂ ਬਹਿਣ ਦੀ ਅਗਲਾ ਆਪ ਬਣਾ ਲੈਂਦੈ।

ਤੁਹਾਡੇ ਉਤੇ ਇਹ ਬੇਬਸੀ ਗਲਬਾ ਪਾ ਲਏਗੀ ਤੇ ਤੁਸੀਂ ਸੋਚੋਗੇ ਕਿ ਪ੍ਰਬੰਧਕੀ ਸੰਸਥਾਵਾਂ ਤਾਂ ਭਲਾ ਨਿਘਰ ਗਈਆਂ, ਪੰਥ ਨੂੰ ਕੀ ਹੋ ਗਿਐ ? ਫਿਰ ਤੁਸੀਂ ਪੰਥ ਦਾ ਖੁਰਾ ਖੋਜ ਲਭਣ ਲਈ ਸੋਚ-ਸਾਗਰ ਵਿਚ ਟੁਭੀਆਂ ਮਾਰਨ ਲਗ ਪਵੋਗੇ। ਕਦੀ ਸਿਰ ਖੁਰਕੋਗੇ, ਕਦੀ ਕੰਨ, ਤੇ ਕਦੀ ਹੋਰ ਅੰਗ, ਪਰ ਤੁਹਾਨੂੰ ਕੁਝ ਸੁਝੇ-ਬੁਝੇਗਾ ਨਹੀਂ। ਹਾਰ ਕੇ ਤੁਹਾਡਾ ਧਿਆਨ ਤਖ਼ਤ ਸਾਹਿਬਾਨ ਦੇ ਜੱਥੇਦਾਰਾਂ ਤੇ ਹੈਡ ਗ੍ਰੰਥੀਆਂ ਵਲ ਜਾਏਗਾ, ਪਰ ਯਕ-ਦਮ ਜਿਵੇਂ ਧੱਕਾ ਵਜਦਾ ਹੈ, ਤੁਹਾਡੇ ਖ਼ਿਆਲਾਂ ਦਾ ਘੋੜਾ ਵਾਪਸ ਮੁੜ ਪਵੇਗਾ ਕਿ ਵਿਚਾਰੇ ਜਥੇਦਾਰਾਂ ਦੀ ਤਾਂ ਆਪਣੀ ਸਵਤੰਤਰ ਹਸਤੀ ਹੀ ਕੋਈ ਨਹੀਂ, ਓਹ ਤਾਂ ਪ੍ਰਬੰਧਕੀ ਢਾਂਚੇ ਥਲੇ ਆਏ ਹੋਏ ਹਨ। ਪੰਥ ਦੀ ਹਸਤੀ ਬਾਰੇ ਸੋਚ ਸੋਚ ਕੇ ਤੁਸੀਂ ਹਾਰ ਹੰਭ ਜਾਓਗੇ, ਪਰ ਪਲੇ ਕੁਝ ਨਹੀਂ ਪਵੇਗਾ। ਫਿਰ ਤੁਸੀਂ ਛਿਥੇ ਪੈ ਜਾਓਗੇ ਤੇ ਕਹਿ ਉਠੋਗੇ ਕਿ 'ਫਿਰ ਏਨੇ ਬਿਗੜੇ ਹੋਏ ਹਾਲਾਤ ਵਿਚ ਮੈਂ ਕੀ ਕਰ ਸਕਦਾ ਹਾਂ ?"

"ਬੇਬਸੀ ਤੇ ਮਜਬੂਰੀ ਦਾ ਨਾਂ ਮਹਾਤਮਾ ਗਾਂਧੀ" ਇਹ ਮੁਹਾਵਰਾ ਆਮ ਮਸ਼ਹੂਰ ਹੈ। ਪਰ ਇਸ ਗੁੰਝਲ ਵਿਚੋਂ ਨਿਕਲਣ ਦਾ ਇਹ ਠੀਕ ਰਾਹ ਨਹੀਂ।

---

## ਪੋਥੀ ਪਰਮੇਸਰ ਕਾ ਥਾਨੁ--

ਗੁਰਬਾਣੀ ਸਾਡਾ ਇਸ਼ਟ ਹੈ, ਸਾਡਾ ਸਤਿਗੁਰੂ ਹੈ, ਪਰਮ ਸਤਿਕਾਰ ਯੋਗ ਹੈ, ਪੂਜਣ ਯੋਗ ਹੈ। ਹਰੇਕ ਗੁਰਸਿਖ ਦਾ ਪਰਮ ਫ਼ਰਜ਼ ਹੈ ਕਿ ਉਹ ਗੁਰਬਾਣੀ ਦਾ ਹਰ ਰੂਪ ਵਿਚ ਪੂਰਨ ਸਤਿਕਾਰ ਕਰੇ। ਗੁਰਬਾਣੀ ਦੀਆਂ ਪੋਥੀਆਂ ਨੂੰ ਸੰਗਤ ਵਿਚ ਇਕ ਦੂਜੇ ਦੇ ਪਿਛੇ ਲੈ ਕੇ ਬਹਿਣਾ, ਗੋਡਿਆਂ ਉਤੇ ਰਖਣਾ, ਪਜਾਮਿਆਂ ਅਤੇ ਮੈਲਿਆਂ ਕਪੜਿਆਂ ਉਤੇ ਰਖ ਕੇ ਪੜ੍ਹਨਾ ਗੁਰਬਾਣੀ ਦਾ ਅਪਮਾਨ ਹੈ, ਨਿਰਾਦਰ ਹੈ। ਪੋਥੀਆਂ ਇਸ ਵਾਸਤੇ ਹੁੰਦੀਆਂ ਹਨ ਕਿ ਅਸੀਂ ਇਨ੍ਹਾਂ ਦੀ ਸਹਾਇਤਾ ਨਾਲ ਸ਼ਬਦ ਕੰਠ ਕਰੀਏ। ਗੁਰੂ ਕੇ ਕੀਰਤਨੀਆਂ ਨੂੰ ਪੋਥੀਆਂ ਦਾ ਆਸਰਾ ਘਟ ਤੋਂ ਘਟ ਲੈਣਾ ਬਣਦਾ ਹੈ। ਆਸਾ ਦੀ ਵਾਰ ਛਕਿਆਂ ਸਮੇਤ ਹਰੇਕ ਨੂੰ ਪੂਰਨ ਤੌਰ ਤੇ ਸ਼ੁਧ ਕੰਠ ਹੋਣਾ ਲਾਜ਼ਮੀ ਹੈ। ਆਸ ਹੈ ਕਿ ਗੁਰਸਿਖ ਸੰਗਤਾਂ ਸਾਡੀਆਂ ਇਨ੍ਹਾਂ ਬੇਨਤੀਆਂ ਵਲ ਉਚੇਚਾ ਧਿਆਨ ਦੇਣਗੀਆਂ।

www.AKJ.Org

# "ਕੁਠਾ" ਦਾ ਅਰਥ ਮਾਸ ਜਾਂ ਹਲਾਲੀ ਮਾਸ?

[ਵਲੋਂ:—ਜੇ. ਪੀ. ਸੰਗਤ ਸਿੰਘ ਜੀ, 75/3, ਬੰਬਈ–8 ]

ਸਿੱਖ ਮਰਯਾਦਾ ਅਨੁਸਾਰ ਚਾਰ ਬੱਜਰ ਕੁਰਹਿਤਾਂ ਅਥਵਾ ਸਖਤ ਵਰਜਤ ਕਰਮ ਹਨ, ਜਿਹੜੇ ਕਿ ਇਕ ਸਿਖ ਲਈ ਸਖ਼ਤ ਮਨ੍ਹਾ ਹਨ। ਇਹਨਾਂ ਚੋਂ ਜ ਇਕ ਵੀ ਕਿਸੇ ਪਾਸੋਂ ਅਚੇਤ ਹੀ ਜਾਂ ਜਾਣ ਬੁਝ ਕੇ ਸਰਜ਼ਦ ਹੋ ਜਾਏ ਤਾਂ ਉਹ ਸਿੱਖੀ ਵਿਚੋਂ ਖ਼ਾਰਜ ਪਤਿਤ ਸਮਝਿਆ ਜਾਂਦਾ ਹੈ। ਇਹਨਾਂ ਚੋਹਾਂ ਕਰਮਾਂ ਵਿਚੋਂ ਇਕ ਹੈ "ਕੁਠਾ" ਖਾਣਾ। "ਕੁਠਾ" ਸ਼ਬਦ ਦਾ ਭਾਵ ਹੈ ਜਾਨਵਰ ਨੂੰ ਮਾਰ ਕੇ ਪ੍ਰਾਪਤ ਕੀਤਾ ਮਾਸ।

ਵਿਆਕਰਣ ਅਨੁਸਾਰ ਕੁਠਾ ਸ਼ਬਦ ਕੁਹਣ (ਕੁਹ-ਹਨਨ) ਧਾਤੂ ਤੋਂ ਬਣਿਆ ਹੈ। ਕੁਹਣ ਦਾ ਅਰਥ ਹੁੰਦਾ ਹੈ, ਕਿਸੇ ਜਾਨਦਾਰ ਜੀਵ ਨੂੰ ਕਿਸੇ ਤੇਜ਼ ਧਾਰ ਹਥਿਆਰ ਨਾਲ ਬੇਦਰਦੀ ਨਾਲ ਕੱਟਣਾ। ਕੁਹਣ ਤੋਂ ਸ਼ਬਦ "ਕੁਹਤ" ਬਣਦਾ ਹੈ, ਜਿਸ ਦਾ ਅਰਥ ਹੈ, "ਕੁਹੰਦਿਆਂ ਹੋਇਆਂ" ਅਥਵਾ "ਬੇਦਰਦੀ ਨਾਲ ਕੱਟਦੇ ਹੋਇਆਂ" :—

ਜੀਆਂ ਕੁਹਤ ਨ ਸੰਗੈ ਪ੍ਰਾਣੀ॥ [ਗਉੜੀ ਮ: ੫

ਕੁਹਣ ਤੋਂ ਸ਼ਬਦ "ਕੁਹੈ" ਬਣਦਾ ਹੈ, ਜਿਸ ਦਾ ਅਰਥ ਹੈ "ਕੱਟਦਾ ਹੈ" ਜਾਂ ਕੱਟੀ ਜਾ ਰਿਹਾ ਹੈ:—

ਕੁਹੈ ਕਸਾਈ ਬਕਰੀ [ਭਾ: ਗੁਰਦਾਸ ਜੀ

ਕੁਹਣ ਧਾਤੂ ਤੋਂ ਹੀ ਸ਼ਬਦ "ਕੁਹੀਦੀ" ਜਾਂ "ਕੁਹੀਦਾ" ਬਣਦਾ ਹੈ, ਜਿਸ ਦਾ ਅਰਥ ਹੈ "ਕਟੀ ਜਾ ਰਹੀ" ਜਾਂ "ਕਟਿਆ ਜਾ ਰਿਹਾ" ਹੈ:—

ਹਸਿ ਹਸਿ ਬੋਲੇ ਕੁਹੀਦੀ [ਭਾ: ਗੁਰਦਾਸ ਜੀ

ਕੁਹਣ ਧਾਤੂ ਚੋਂ ਹੀ ਸ਼ਬਦ "ਕੁਹਿ ਕੁਹਿ" ਨਿਕਲਿਆ ਹੈ, ਜਿਸ ਦਾ ਅਰਥ ਹੈ "ਕਟ ਕਟ ਕੇ":—

ਕੁਹਿ ਕੁਹਿ ਖਲ ਉਖਲ ਵਿਣਸੀ [ਭਾ: ਗੁਰਦਾਸ ਜੀ

ਇਸੇ ਤਰ੍ਹਾਂ ਹੀ ਕੁਹਣ ਧਾਤੂ ਤੋਂ ਹੀ ਸ਼ਬਦ "ਕੁਠਾ" ਵੀ ਨਿਕਲਿਆ ਹੈ, ਜਿਸ ਦਾ ਅਰਥ ਹੈ "ਕਟਿਆ ਹੋਇਆ" ਜਾਂ "ਕੁਹਿਆ ਹੋਇਆ"।

ਅਭਾਖਿਆ ਕਾ ਕੁਠਾ ਬਕਰਾ ਖਾਣਾ॥ [ਵਾਰ ਆਸਾ, ੪੭੨

ਭਾਵ "ਅਨ ਬਾਣੀ ਉਚਾਰਨ ਕਰ ਕੇ ਕਟਿਆ ਹੋਇਆ ਬਕਰਾ ਖਾਣਾ"।

ਕੁੱਠਾ ਸ਼ਬਦ ਕੁਹਣ ਧਾਤੂ ਦਾ ਭੂਤ-ਕਾਰਦੰਤਕ ਹੈ, ਜਿਵੇਂ ਕਿ ਸ਼ਬਦ :—

ਮੁੱਠਾ—ਮੁਹਣ ਧਾਤੂ ਤੋਂ।

ਤੁੱਠਾ ਤੁਸਣ ਧਾਤੂ ਤੋਂ।

ਰੁੱਠਾ—ਰੁਸਣ ਧਾਤੂ ਤੋਂ।

ਵੁੱਠਾ—ਵਸਣ ਜਾਂ ਵਰ੍ਹਣ ਧਾਤੂ ਤੋਂ।

ਇਸੇ ਤਰ੍ਹਾਂ ਹੀ ਕੁੱਠਾ ਕੁਹਣ ਧਾਤੂ ਤੋਂ ਨਿਕਲਿਆ ਹੈ ਅਤੇ ਇਸ ਦਾ ਅਰਥ ਹੈ "ਕਟਿਆ ਹੋਇਆ" ਅਤੇ ਇਹੋ ਅਰਥ ਹੀ ਗੁਰੂ ਬਾਣੀ ਦੇ ਟੀਕਿਆਂ ਵਿਚ ਵਿਦਵਾਨਾਂ ਨੇ ਅਥਵਾ ਕੋਸ਼ਕਾਰਾਂ ਨੇ ਕੀਤੇ ਹਨ, ਜਿਵੇਂ ਕਿ:—

੧. ਲੁਧਿਆਣਾ ਪੰਜਾਬੀ ਕੋਸ਼
੨. ਗੁਰ ਸ਼ਬਦ ਕੋਸ਼
੩. ਸ੍ਰੀ ਗੁਰੂ ਗ੍ਰੰਥ ਕੋਸ਼ ਪ੍ਰਯਾਗ
੪. ਸ੍ਰੀ ਗੁਰੂ ਗ੍ਰੰਥ ਕੋਸ਼—ਖਾ: ਟ੍ਰੈ: ਸੋਸਾਇਟੀ
੫. ਸ੍ਰੀ ਗੁਰੂ ਗ੍ਰੰਥ ਪਦਾਰਥ ਪ੍ਰਕਾਸ਼
੬. ਗੁਰਮਤਿ ਮਾਰਤੰਡ
੭. ਫ਼ਰੀਦਕੋਟੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ
੮. ਗੁਰਬਾਣੀ ਪ੍ਰਕਾਸ਼—ਸੋਢੀ ਤੇਜਾ ਸਿੰਘ ਜੀ
੯. ਗ੍ਰੰਥ ਗਿਰਾਰਥ ਕੋਸ਼
੧੦. ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ [ਭਾ: ਬਿਸ਼ਨ ਦਾਸ ਉਦਾਸੀ
੧੧. ਪ੍ਰਯਾਯੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ—ਸੰਤ ਸੁਤੇ ਪ੍ਰਕਾਸ਼ ਜੀ
੧੨. ਗੁਰਬਾਣੀ ਕੋਸ਼
੧੩. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ
੧੪. ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ—ਗਿ: ਬਿਸ਼ਨ ਸਿੰਘ
੧੫. ਆਦਿ ਗ੍ਰੰਥ ਸਟੀਕ—ਗਿ: ਨਰੈਣ ਸਿੰਘ ਜੀ
੧੬. ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ— ਟਕਸਾਲ ਭਾ: ਮਨੀ ਸਿੰਘ ਜੀ ਅੰਮ੍ਰਿਤਸਰ



www.AKJ.Org

੧੭. ਸੰਤ ਗੁਰਬਚਨ ਸਿੰਘ ਜੀ ਭਿੰਡਰਾਂ–
ਟਕਸਾਲ ਬਾਬਾ ਦੀਪ ਸਿੰਘ ਜੀ
੧੮. ਡਾ. ਗੁਪਾਲ ਸਿੰਘ ਜੀ–ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ੍ਰੇਜ਼ੀ ਟੀਕਾ
੧੯. ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਤਰਜਮਾ–ਸ: ਮਨਮੋਹਣ ਸਿੰਘ ਜੀ
੨੦. ਸੰਤ ਭਾਈ ਫ਼ਤਹ ਚੰਦ ਜੀ ਸੰਪ੍ਰਦਾਈ ਗਿਆਨੀ
੨੧. ਭਾ: ਸਾ: ਭਾ: ਰਣਧੀਰ ਸਿੰਘ ਜੀ
੨੨. ਸ੍ਰੀ ਗੁਰੂ ਗ੍ਰੰਥ ਦਰਪਣ–ਪ੍ਰੋ: ਸਾਹਿਬ ਸਿੰਘ ਜੀ
੨੩. ਸੰਤ ਨਿਧਾਨ ਸਿੰਘ ਜੀ ਆਲਮ
੨੪. ਸੰਤ ਇੰਦਰ ਸਿੰਘ ਜੀ ਚੱਕਰਵਰਤੀ
੨੫. ਬਾਬਾ ਕਰਤਾਰ ਸਿੰਘ ਜੀ ਖਾਲਸਾ–ਮਹਿਤਾ
੨੬. ਸ: ਸੋਹਣ ਸਿੰਘ ਜੀ ਸੈਲਾਨੀ
੨੭. ਸਿਥਤਾ ਪੋਥੀਆਂ-ਡਾ: ਭਾ: ਵੀਰ ਸਿੰਘ ਜੀ
੨੮. ਗੁਰਬਾਣੀ ਅਦੁਤੀ ਕੋਸ਼–ਭਾ: ਰਾਮ ਸਿੰਘ ਜੀ
੨੯. ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ–ਭਾ: ਗੋਬਿੰਦ ਦਾਸ ਉਦਾਸੀਨ
੩੦. ਗੁਰ ਸ਼ਬਦ ਰਤਨਾਕਰ–ਮਹਾਨ ਕੋਸ਼ ਨੇ ਵੀ ਹੋਰ ਹੋਰ ਅਰਥ ਕਰਨ ਦੇ ਪਿਛੋਂ ਅੰਤ ਵਿਚ "ਕਟਿਆ ਹੋਇਆ" ਲਿਖਿਆ ਹੈ।

ਸ੍ਰੀ ਗੁਰੂ ਗ੍ਰੰਥ ਕੋਸ਼ ਖਾ: ਟ੍ਰੈਕਟ ਸੋਸਾਇਟੀ (ਲੇਖਕ ਭਾ: ਸਾਹਿਬ ਡਾ: ਵੀਰ ਸਿੰਘ ਜੀ) ਨੇ ਪੰਨਾ ੩੧੩-੩੧੪ ਉਤੇ "ਕੁੱਠਾ" ਸ਼ਬਦ ਦੇ ਅਰਥ ਹੇਠ ਲਿਖੇ ਸ਼ਬਦਾਂ ਵਿਚ ਲਿਖੇ ਹੋਏ ਹਨ :–

"ਕੁੱਠਾ"–ਪੰਜਾਬੀ–ਕੁਹਣ ਤੋਂ ਬਣਦਾ ਹੈ। ਕੋਹਿਆ ਤੋਂ ਕੁੱਠਾ ਬਣਨਾ ਪੰਜਾਬੀ ਵਿਆਕਰਣ ਦਾ ਤ੍ਰੀਕਾ ਹੈ, ਜਿਸ ਤਰ੍ਹਾਂ "ਮੁਹਣਾ" ਤੋਂ "ਮੁਠਾ" ਤੇ 'ਲੁਹਣਾ' ਤੋਂ 'ਲੁੱਠਾ' ਬਣਦਾ ਹੈ। ਕੁਠਣਾ ਪਦ ਕੁ-ਹਨਨ (ਬੁਰੀ ਤਰ੍ਹਾਂ ਮਾਰਨਾ) ਸੰਸਕ੍ਰਿਤ ਤੋਂ ਬਣਿਆ ਜਾਪਦਾ ਹੈ। ਮੁਸਲਮਾਨਾਂ ਦੇ ਆਇਆਂ ਜਦੋਂ ਫ਼ਾਰਸੀ ਪੰਜਾਬੀ ਵਿਚ ਰਲਣ ਲਗੀ ਤਦੋਂ ਹੋ ਸਕਦਾ ਹੈ ਕਿ ਕੁਸ਼ਤਹ (ਮਾਰਿਆ) ਦਾ "ਕੁੱਠਾ" ਰੂਪ ਬਣ ਗਿਆ ਹੋਵੇ, ਪਰ ਵਿਸੇਸ਼ ਖ਼ਿਆਲ ਇਹ ਹੈ ਕਿ ਕੁ-ਹਨਨ ਤੋਂ ਕੁਹਣਾ ਕੁੱਠਾ ਇਉਂ ਬਣ ਗਿਆ ਹੋਵੇ।

ਗ੍ਰੰਥ ਗਿਰਾਰਥ ਕੋਸ਼ (ਪੰਡਤ ਤਾਰਾ ਸਿੰਘ ਜੀ ਨਿਰੋਤਮ) ਸੰਨ ੧੯੬੫ ਐਡੀਸ਼ਨ ਦੇ ਪੰਨਾ ੪੪੩ ਉਤੇ ਕੁੱਠਾ ਦੇ ਅਰਥ ਹੇਠ ਲਿਖੇ ਅਨੁਸਾਰ ਹਨ :–

"ਕੁੱਠਾ–ਛੁਰੀ ਸੇ ਗਲਾ ਕਾਟ ਕੇ ਮਾਰਾ ਹੂਆ॥

ਗੁਰਮਤਿ ਮਾਰਤੰਡ–(ਗਿਆਨੀ ਲਾਲ ਸਿੰਘ ਜੀ ਸੰਗਰੂਰ) ਪੰਨਾ ੪੩੨ ਉਤੇ "ਕੁੱਠਾ" ਦਾ ਅਰਥ "ਕੁਹਿਆ ਹੋਇਆ"।

ਸ੍ਰੀ ਗੁਰੂ ਬਾਣੀ ਪ੍ਰਕਾਸ਼ ਪੰਨਾ ੨੨੫ ਉਤੇ ਅਰਥ ਹੈ–"ਮਾਰਿਆ ਹੋਇਆ"।

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ੍ਰੇਜ਼ੀ–ਸ. ਮਨਮੋਹਨ ਸਿੰਘ ਕੁੱਠਾ ਦਾ ਅਰਥ ਲਿਖਦੇ ਹਨ killed "ਮਾਰਿਆ ਹੋਇਆ"।

vol 3—1557, vol 6—3130

ਸ੍ਰੀ ਗੁਰੂ ਗ੍ਰੰਥ ਦਰਪਣ ਪ੍ਰੋ: ਸਾਹਿਬ ਸਿੰਘ ਪੰਨਾ ੧੨੯ ਉਤੇ "ਕੋਹਿਆ ਹੋਇਆ" ਅਰਥ ਕਰਦੇ ਹਨ।

ਸ੍ਰੀ ਗੁਰੂ ਬਾਣੀ ਪ੍ਰਕਾਸ਼–ਸੋਢੀ ਤੇਜਾ ਸਿੰਘ ਪੰਨਾ ੬੭੦ ਉਤੇ ਅਰਥ ਕਰਦੇ ਹਨ–"ਕੁਹਿਆ ਹੋਇਆ"।

ਸ. ਸ. ਅਮੋਲ ਜੀ ਬਾਈ ਵਾਰਾਂ ਸਟੀਕ ਵਿਚ "ਮਾਰਿਆ"–"ਨਾਸ ਕੀਤਾ" ਅਰਥ ਕਰਦੇ ਹਨ।

ਸ਼ਬਦਾਰਥ ਪੰਨਾ ੬੫੬ ਵਿਚ "ਕੁਹਿਆ ਹੋਇਆ" ਲਿਖਿਆ ਹੋਇਆ ਹੈ।

ਇਸ ਤੋਂ ਸਿਧ ਹੁੰਦਾ ਹੈ ਕਿ ਸ਼ਬਦ 'ਕੁੱਠਾ' ਦਾ ਅਰਥ ਹੈ "ਕੁਹਿਆ ਹੋਇਆ", "ਮਾਰਿਆ ਹੋਇਆ" "ਕਟਿਆ ਹੋਇਆ" ਅਤੇ ਉਹ ਵੀ ਬੇਦਰਦੀ ਨਾਲ। ਹਲਾਲੀ ਮਾਸ ਜਾਂ "ਮੁਸਲਮਾਨੀ ਤਰੀਕੇ ਨਾਲ ਕਟਿਆ ਮਾਸ" ਬਿਲਕੁਲ ਨਹੀਂ ਹੈ। ਨਾ ਹੀ ਉਪਰ ਦਿਤੇ ਤਕਰੀਬਨ ਤਿੰਨ ਦਰਜਨ ਕੋਸ਼ਾਂ ਅਥਵਾ ਟੀਕਿਆਂ ਵਿਚ ਕਿਧਰੇ ਇਹ ਅਰਥ ਮਿਲਦੇ ਹਨ।

ਸ਼ਬਦ "ਕੁੱਠਾ" ਸੰਸਕ੍ਰਿਤ ਦੇ ਧਾਤੂ "ਕੁ-ਹਨਨ" ਤੋਂ ਨਿਕਲਿਆ ਹੈ। ਸੰਸਕ੍ਰਿਤ ਸੰਸਾਰ ਦੀ ਸਭ ਤੋਂ ਪੁਰਾਤਨ ਭਾਸ਼ਾ ਹੈ, ਜਿਹੜੀ ਕਿ ਮੁਸਲਮਾਨਾਂ ਦੇ, ਭਾਰਤ ਵਿਚ ਆਉਣ ਅਤੇ ਅਪਣੇ ਤਰੀਕੇ ਨਾਲ ਜੀਵਾਂ ਨੂੰ ਹਲਾਲ ਕਰਨ ਦਾ ਪ੍ਰੀਚੈ ਦੇਣ ਤੋਂ ਹਜ਼ਾਰਹਾ ਸਾਲ ਪਹਿਲੇ ਦੀ ਹੈ। ਮੁਸਲਮਾਨਾਂ ਨੂੰ ਸਾਡੇ ਦੇਸ਼


www.AKJ.Org

ਵਿਚ ਆਇਆਂ ਵਧ ਤੋਂ ਵਧ ਤੇਰ੍ਹਾਂ ਚੋਦ੍ਹਾਂ ਸੋ ਸਾਲ ਹੋਏ ਹਨ, ਪਰ "ਕੁ-ਹਨਨ" ਤਾਂ ਵੇਦ-ਭਾਸ਼ਾ ਸੰਸਕ੍ਰਿਤ ਦਾ ਹਜ਼ਾਰਹਾ ਸਾਲ ਪਹਿਲਾਂ ਦਾ ਪ੍ਰਚਲਤ ਸ਼ਬਦ ਹੈ, ਜਿਹੜਾ ਕਿ ਇਹਨਾਂ ਅਰਥਾਂ ਵਿਚ ਹੀ ਲਿਖਿਆ ਅਤੇ ਵਰਤਿਆ ਜਾ ਰਿਹਾ ਹੈ। ਇਸ ਲਈ "ਕੁੱਠਾ" ਸ਼ਬਦ ਦਾ ਅਰਥ 'ਮੁਸਲਮਾਨ੍ਹੀ ਤਰੀਕੇ ਨਾਲ ਜੀਵ ਦਾ ਮਾਰਨਾ' ਕਰਨ ਵਾਲੇ, ਭਾਸ਼ਾ ਇਤਿਹਾਸ ਸੰਬੰਧੀ ਆਪਣੀ ਪੂਰਨ ਨਾਵਾਕਫ਼ੀ ਅਤੇ ਅਗਿਆਨ ਦਾ ਪ੍ਰੀਚੈ ਦੇਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦ "ਕੁੱਠਾ" ਤਿੰਨ ਵੇਰ ਵਰਤਿਆ ਗਿਆ ਹੈ:

ਇਕ ਵੇਰਾਂ ਆਸਾ ਰਾਗੁ ਵਿਚ ਪੰਨਾ ੪੭੨ ਉਤੇ—

"ਅਭਾਖਿਆ ਕਾ ਕੁਠਾ ਬਕਰਾ ਖਾਣਾ ॥"

ਕੁੱਠਾ ਦਾ ਭਾਵ ਹੈ ਕੁਹਿਆ ਹੋਇਆ।

ਅਭਾਖਿਆ ਦਾ ਭਾਵ ਹੈ ਅ + ਭਾਖਿਆ, ਅਥਵਾ ਸੰਸਕ੍ਰਿਤ ਅਭਕਸ਼ ਤੋਂ ਸ਼ਬਦ ਅਭਾਖਿਆ ਬਣਿਆ ਹੈ, ਜਿਸ ਦਾ ਭਾਵ ਹੈ ਨਾ ਖਾਣ ਯੋਗ ਵਸਤੂ।

ਅਭਾਖਿਆ = ਬੁਰੀ ਭਾਸ਼ਾ = ਮਲੇਛ ਭਾਸ਼ਾ, ਅਥਵਾ ਕਲਮਾ ਪੜ੍ਹ ਕੇ ਕਟਿਆ ਹੋਇਆ ਬਕਰਾ।

ਦੂਜੀ ਵੇਰ ਸ਼ਬਦ "ਕੁੱਠਾ" ਪੰਨਾ ੯੫੬ ਉਤੇ ਰਾਮਕਲੀ ਵਾਰ ਵਿਚ ਆਇਆ ਹੈ:—

ਸਚ ਕੀ ਕਾਤੀ ਸਚੁ ਸਭੁ ਸਾਰੁ ॥
ਘਾੜਤ ਤਿਸ ਕੀ ਅਪਰ ਅਪਾਰ ॥
ਸਬਦੇ ਸਾਣ ਰਖਾਈ ਲਾਇ ॥
ਗੁਣ ਕੀ ਥੇਕੈ ਵਿਚਿ ਸਮਾਇ ॥
ਤਿਸ ਦਾ "ਕੁਠਾ" ਹੋਵੈ ਸੇਖੁ ॥
ਲੋਹੂ ਲਬ ਨਿਕਥਾ ਵੇਖੁ ॥

ਸ਼ੇਖ ਬ੍ਰਹਮ ਨੂੰ ਉਪਦੇਸ਼ ਕਰਦੇ ਹੋਏ ਸਤਿਗੁਰੂ ਜੀ ਫ਼ੁਰਮਾਉਂਦੇ ਹਨ:—

ਸਚ ਦਾ ਲੋਹਾ ਹੋਵੇ ਤੇ ਉਸ ਸਚ ਦੇ ਲੋਹੇ ਦੀ ਬਣੀ ਛੁਰੀ ਹੋਵੇ ਅਤੇ ਸੁਚੱਜੀ ਤਰ੍ਹਾਂ ਉਹ ਘੜੀ ਹੋਵੇ। ਫਿਰ ਗੁਰ ਉਪਦੇਸ਼ ਰੂਪੀ ਸਾਣ ਉਤੇ ਲਾ ਕੇ ਤੇਜ਼ ਕੀਤੀ ਹੋਈ ਅਤੇ ਸ਼ੁਭ ਗੁਣਾਂ ਰੂਪੀ ਮਿਆਨ ਵਿਚ ਰੱਖੀ ਹੋਈ ਹੋਵੇ। ਸਤਿਗੁਰੂ ਜੀ ਕਹਿੰਦੇ ਹਨ ਕਿ ਜੇ ਐਸੀ ਛੁਰੀ ਕੱਟਣ ਲਈ ਵਰਤੀ ਜਾਏ ਤਾਂ ਅੰਦਰੋਂ ਲੋਭ ਰੂਪੀ ਲਹੂ ਨਿਕਲਦਾ ਪ੍ਰਤੱਖ ਦਿਸਦਾ ਤੇ ਅੰਤਿਸ਼ਕਰਣ ਸ਼ੁਧ ਹੋ ਜਾਂਦਾ ਹੈ।

ਤੀਜੀ ਵੇਰ "ਕੁਠਾ" ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪ੍ਰਕਾਰ ਵਰਤਿਆ ਹੈ:—

"ਭਾਉ ਦੂਜਾ ਕੁਠਾ"

ਜਿਸ ਦਾ ਭਾਵ ਹੈ ਕਿ ਦ੍ਵੈਤ ਭਾਵ ਨੂੰ ਮਾਰ ਦਿਤਾ, ਦਵੈਖ ਨੂੰ ਨਸ਼ਟ ਕਰ ਦਿਤਾ।

**ਉਪਰ ਦਿਤੇ ਤਕਰੀਬਨ ਤਿੰਨ ਦਰਜਨ ਕੋਸ਼ਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕਾਂ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਪਣੀ ਅੰਦਰਲੀ ਗਵਾਹੀ ਤੋਂ ਸਪੱਸ਼ਟ ਤੌਰ ਤੇ ਸਿੱਧ ਹੁੰਦਾ ਹੈ ਕਿ ਸ਼ਬਦ "ਕੁੱਠਾ" ਦਾ ਭਾਵ "ਹਲਾਲੀ ਮਾਸ" ਜਾਂ "ਮੁਸਲਮਾਣੀ ਤਰੀਕੇ ਨਾਲ ਕਟਿਆ ਮਾਸ" ਬਿਲਕੁਲ ਨਹੀਂ ਹੈ।**

ਬ੍ਰਹਿਮੰਡ ਦੀ ਸਰਬਤ ਉਪਜ ਅਥਵਾ ਜੀਵ-ਜੰਤੂ ਤੇ ਬਨਾਸਪਤੀ ਦੀ ਉਤਪਤੀ ਦੇ ਕੇਵਲ ੪ ਹੀ ਸ੍ਰੋਤ ਹਨ:—

੧. ਅੰਡਜ:—ਅੰਡਿਆਂ ਚੋਂ ਪੈਦਾ ਹੋਣ ਵਾਲੇ ਜੀਵ ਪੰਛੀ ਆਦਿ।
੨. ਜੇਰਜ:—ਜੇਰ ਚੋਂ ਜਨਮ ਲੈਣ ਵਾਲੇ ਜੀਵ ਮਨੁਖ ਅਤੇ ਪਸ਼ੂ ਆਦਿ।
੩. ਸੇਤਜ:—ਪਸੀਨੇ ਅਤੇ ਗੰਦ ਮੰਦ ਚੋਂ ਪੈਦਾ ਹੋਣ ਵਾਲੇ ਜੀਵ ਜੰਤੂ-ਕੀੜੇ ਮਕੌੜੇ ਤ ਕੀਟਾਣੂ ਆਦਿ।
੪. ਉਤਭੁਜ—ਧਰਤੀ ਤੋਂ ਫੁਟਣ ਵਾਲੀ ਸਮਿਗ੍ਰੀ-ਬਨਾਸਪਤੀ, ਅਨਾਜ ਤੇ ਫਲ ਫਰੂਟ ਆਦਿ।

ਇਹਨਾਂ ਚੌਹਾਂ ਖਾਣੀਆਂ ਚੋਂ ਅੰਡਜ, ਜੇਰਜ ਅਤੇ ਸੇਤਜ ਤਿੰਨਾਂ ਹੀ ਖਾਣੀਆਂ ਦੀ ਉਪਜ ਨੂੰ ਕੋਹਿਆ ਜਾ ਸਕਦਾ ਹੈ, ਬਾਕੀ ਬਨਾਸਪਤੀ ਲਈ ਕਟਣ, ਵਢਣ ਸ਼ਬਦ ਹੀ ਵਰਤੇ ਜਾ ਸਕਦੇ ਹਨ, ਕੁਹਣ ਨਹੀਂ ਵਰਤਿਆ ਜਾ ਸਕਦਾ।

ਕੁਹਣ ਦੀ ਕਿਰਿਆ ਨਾਲ ਕੇਵਲ ਮਾਸ, ਮਿਝ, ਲਹੂ, ਹੱਡ, ਚੰਮ ਆਦਿ ਵਸਤੂਆਂ ਦੀ ਹੀ ਪ੍ਰਾਪਤੀ ਹੁੰਦੀ ਹੈ। ਇਹਨਾਂ ਚੋਂ ਪਸ਼ੂ-ਬ੍ਰਿਤੀ ਅਥਵਾ ਰਾਖਸ਼



www.AKJ.Org

ਬੁਧੀ ਵਾਲੇ ਲੋਕੀ ਮਾਸ ਨੂੰ ਖਾਣ ਲਈ ਵਰਤਦੇ ਹਨ। ਇਸ ਲਈ 'ਕੁੱਠਾ' ਸ਼ਬਦ ਦਾ ਸ਼ਬਦ-ਅਰਥ ਤਾਂ ਭਾਵੇਂ "ਕਟਿਆ ਹੋਇਆ" ਜਾਂ "ਕੁਹਿਆ ਹੋਇਆ" ਹੀ ਹੈ, ਪਰ ਇਸ ਦਾ ਭਾਵਾਰਥ ਅਤੇ ਭਾਵਾਤਮਿਕ ਅਰਥ ਹੈ ਮਾਸ।

ਇਸ ਤਰ੍ਹਾਂ ਸਿਖ ਰਹਿਤਨਾਮਿਆਂ ਅਥਵਾ ਸਿੱਖ ਰਹਿਤ ਮਰਯਾਦਾ ਵਿਚ "ਕੁਠਾ ਨਾ ਖਾਣ" ਦਾ ਭਾਵ ਹੈ "ਮਾਸ ਨਹੀਂ ਖਾਣਾ"। ਇਹ ਮਾਸ ਭਾਵੇਂ ਮੁਸਲਮਾਨੀ ਤਰੀਕੇ ਨਾਲ ਹਲਾਲ ਕੀਤਾ ਹੋਵੇ ਭਾਵੇਂ ਕਿਸੇ ਹੋਰ ਮਰਯਾਦਾ ਨਾਲ ਕਟਿਆ ਹੋਇਆ ਹੋਵੇ। ਭਾਵੇਂ ਸ਼ਿਕਾਰ ਨਾਲ ਮਾਰਿਆ ਹੋਵੇ ਤੇ ਭਾਵੇਂ ਗਲ ਘੋਟ ਕੇ ਕਤਲ ਕੀਤਾ ਹੋਵੇ। ਭਾਵ ਕਿਸੇ ਤਰ੍ਹਾਂ ਵੀ ਮਾਰਿਆ, ਕਟਿਆ, ਵਢਿਆ, ਕੁਹਿਆ, ਘੋਪਿਆ, ਤੜਫਾ ਕੇ ਮਾਰਿਆ ਜਾਂ ਇਕੋ ਵਾਰ ਨਾਲ ਮਾਰਿਆ ਹੋਇਆ ਤੇ ਮੁਰਦਾ ਕੀਤਾ ਜੀਵ ਨਹੀਂ ਖਾਣਾ।

ਐਪਰ੍ਹ ਮਾਸ ਖਾਣ ਦੇ ਸੁਆਦੂ ਚਤੁਰ ਲੋਕਾਂ ਆਪਣੇ ਜੀਭ-ਸੁਆਦ ਦੀ ਪੂਰਤੀ ਲਈ ਅਤੇ ਕੁਝ ਕੁ ਪੰਥ-ਦੋਖੀਆਂ ਨੇ ਸਮੁਚੇ ਪੰਥ ਨੂੰ ਪਥ-ਭ੍ਰਿਸ਼ਟ ਅਤੇ ਅਹਾਰ-ਭ੍ਰਿਸ਼ਟ ਕਰ ਕੇ, ਇਸ ਨੂੰ ਕਮਜ਼ੋਰ ਕਰਨ ਲਈ, ਸ਼ਬਦ "ਕੁੱਠਾ" ਦਾ ਅਰਥ "ਮੁਸਲਮਾਨੀ ਤਰੀਕੇ ਨਾਲ ਮਾਰੇ ਜੀਵ" ਅਥਵਾ "ਹਲਾਲੀ ਮਾਸ" ਪ੍ਰਸਿਧ ਕਰ ਦਿਤਾ ਹੋਇਆ ਹੈ ਅਤੇ ਆਪਣੇ ਮਾਸ ਖਾਣ ਦੇ ਚਸਕੇ ਨੂੰ ਪੂਰਾ ਕਰਨ ਲਈ ਇਕ ਨਵਾਂ ਸ਼ਬਦ "ਝਟਕਾ" ਪ੍ਰਚਲਤ ਕਰ ਲਿਆ ਹੈ। ਹਾਲਾਂ ਕਿ ਸ਼ਬਦ ਝਟਕਾ ਸਿਖ ਸਾਹਿੱਤ ਦਾ ਸ਼ਬਦ ਨਹੀ ਹੈ। ਇਹ ਨਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਨਾ ਹੀ ਦਸਮ ਗ੍ਰੰਥ ਵਿਚ, ਨਾ ਹੀ ਬਾਣੀ ਭਾਈ ਗੁਰਦਾਸ ਜੀ ਵਿਚ ਅਤੇ ਨਾ ਹੀ ਬਾਣੀ ਭਾ: ਨੰਦ ਲਾਲ ਜੀ ਵਿਚ ਹੀ ਕਿਤੇ ਵਰਤਿਆ ਗਿਆ ਮਿਲਦਾ ਹੈ।

ਸ਼ਬਦ "ਝਟਕਾ" ਅਸਲ ਵਿਚ ਹਿੰਦੂ ਸਾਹਿੱਤ ਦਾ ਸ਼ਬਦ ਹੈ, ਜਿਹੜਾ ਕਿ ਸਭ ਤੋਂ ਪਹਿਲਾਂ ਕਬੀਰ ਜੀ ਨੇ ਆਪਣੀ ਰਚਨਾ ਵਿਚ ਵਰਤਿਆ ਹੈ। ਹਿੰਦੂ ਮੰਦਰਾਂ ਵਿਚ ਜੀਵਾਂ ਦੀਆਂ ਬਲੀਆਂ ਹੁੰਦੀਆਂ ਹਨ। ਪੁਰਾਤਨ ਸਮਿਆਂ ਵਿਚ ਗੈਂਡਿਆਂ ਤੇ ਹਾਥੀਆਂ ਦੀਆਂ ਬਲੀਆਂ ਵੀ ਹੁੰਦੀਆਂ ਸਨ—

ਗੈਂਡਾ ਮਾਰਿ ਹੋਮ ਜਗ ਕੀਏ, ਦੇਵਤਿਆਂ ਕੀ ਬਾਣੇ ॥ [੧੨੯੦

ਬਕਰਿਆਂ, ਸੰਢਿਆਂ (ਰਾਂਗਾ) ਝੋਟਿਆਂ ਤੇ ਕੁਕੜਾਂ ਆਦਿ ਦੀਆਂ ਬਲੀਆਂ ਅਜ ਵੀ ਹੁੰਦੀਆਂ ਹਨ ਅਤੇ ਸਾਡੇ ਇਸ ਦੇਸ਼ ਵਿਚ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਵੀ ਹੁੰਦੀਆਂ ਸਨ, ਪਰ ਉਦੋਂ ਝਟਕੇ ਤੇ ਹਲਾਲ ਦਾ ਨਾ ਤਾਂ ਕੋਈ ਵਿਤਕਰਾ ਹੀ ਸੀ ਅਤੇ ਨਾ ਹੀ ਕੋਈ ਭੇਦ-ਭਾਵ ਹੀ। ਮੰਦਰਾਂ ਵਿਚ ਜੇ ਕਿਸੇ ਕਾਰਨ ਬਲੀ ਦੇਣ ਲਗਿਆਂ ਕਿਸੇ ਜੀਵ ਦਾ ਸਿਰ ਇਕ ਵਾਰ ਨਾਲ ਨਾ ਹੀ ਵਖ ਹੋਵੇ ਤਾਂ ਵੀ ਉਥੇ ਅਜਿਹੀ ਬਲੀ ਨੂੰ ਅਪ੍ਰਵਾਨ ਨਹੀਂ ਕੀਤਾ ਜਾਂਦਾ। ਮੁਸਲਮਾਨਾਂ ਦੇ ਇਸ ਦੇਸ਼ ਵਿਚ ਆਉਣ ਉਤੇ ਜਦੋਂ ਉਹਨਾਂ ਦੇ ਜੀਵ-ਹਤਿਆ ਦੇ ਤਰੀਕੇ ਨੂੰ ਵਿਖਿਪਤ ਕੀਤਾ ਗਿਆ ਤਾਂ ਹਿੰਦੂਆਂ ਨੇ ਆਪਣੇ ਲਈ ਇਕ ਸ਼ਬਦ "ਝਟਕਾ" ਈਜਾਦ ਕਰ ਲਿਆ ਅਤੇ ਗੈਂਡਾ, ਹਾਥੀ ਤੇ ਸੂਅਰ ਆਦਿ ਜਿਹੜੇ ਇਕ ਵਾਰ ਨਾਲ ਨਹੀਂ ਕਟੇ ਜਾ ਸਕਦੇ ਉਹਨਾਂ ਦੀਆਂ ਬਲੀਆਂ ਮੰਦਰਾਂ ਵਿਚ ਬੰਦ ਕਰ ਦਿਤੀਆਂ ਗਈਆਂ।

ਹਿੰਦੂਆਂ ਨੇ ਮੰਦਰਾਂ ਵਿਚ "ਬਲੀ" ਸ਼ਬਦ ਅਪਣਾ ਲਿਆ ਤੇ ਮੁਸਲਮਾਨ ਆਪਣੇ ਤ੍ਰੀਕੇ ਨੂੰ "ਬਿਸਮਿਲ" ਕਹਿਣ ਲੱਗ ਪਏ। ਕਿਉਂ ਜੁ ਜੀਵ-ਹਤਿਆ ਤੋਂ ਪਹਿਲਾਂ ਮੁਸਲਮਾਨ ਆਪਣੇ ਰੱਬ ਨੂੰ "ਬਿਸਮਿਲਾ" ਸ਼ਬਦ ਨਾਲ ਯਾਦ ਕਰਦੇ ਹਨ, ਇਸ ਲਈ ਉਸ ਹਤਿਆ ਦਾ ਨਾਉਂ ਬਿਸਮਿਲਾ ਰਖ ਦਿਤਾ ਗਿਆ। ਤੇ ਆਹਿਸਤਾ ਆਹਿਸਤਾ ਇਹ ਬਿਸਮਿਲ "ਹਲਾਲ" ਨਾਉਂ ਵਿਚ ਬਦਲ ਗਿਆ।

ਮੁਸਲਮਾਨਾਂ ਦੇ ਸ਼ਬਦ ਬਿਸਮਿਲ ਨੂੰ ਹਲਾਲ ਦਾ ਨਾਉਂ ਦੇਣ ਪਿਛੇ ਵੀ ਇਕ ਇਤਿਹਾਸ ਹੈ ਤੇ ਉਹ ਇਹ ਕਿ ਮੁਸਲਮਾਨੀ ਸ਼ਰ੍ਹਾ ਮੁਤਾਬਿਕ ਮੋਮਨ ਅਥਵਾ ਪ੍ਰਹੇਜ਼ਗਾਰ ਮੁਸਲਮਾਨ ਲਈ "ਹਰਾਮ" ਖਾਣਾ ਮਨ੍ਹਾ ਹੈ, ਸਗੋਂ ਭਾਰੀ ਗੁਨਾਹ ਹੈ। ਹਰਾਮ ਦਾ ਮਤਲਬ ਹੈ ਪ੍ਰਾਈ ਵਸਤੂ, ਪਰਾਇਆ ਹੱਕ। ਮੁਸਲਮਾਨ ਜਦੋਂ ਭਾਰਤ ਵਿਚ ਆਏ ਤਾਂ ਇਹ ਇਕ ਜੇਤੂ ਦੀ ਸਥਿਤੀ



www.AKJ.Org

ਵਿਚ ਆਏ, ਇਸ ਲਈ ਇਹ ਇਥੋਂ ਦੇ ਵਸਨੀਕਾਂ ਹਿੰਦੂਆਂ ਦੀ ਹਰ ਵਸਤ, ਧਨ-ਪਦਾਰਥ, ਰੂਪ, ਸੁੰਦਰਤਾ, ਜ਼ਮੀਨ, ਜਾਇਦਾਦ, ਮਾਲ ਡੰਗਰ ਆਦਿ ਨੂੰ ਆਪਣੀ ਮਨ-ਮਰਜ਼ੀ ਨਾਲ ਤੇ ਸੀਨਾ-ਜ਼ੋਰੀ ਨਾਲ ਵਰਤਣੋਂ ਆਪਣੇ ਆਪ ਨੂੰ ਰੋਕ ਨਾ ਸਕੇ। ਪਰ ਸ਼ਰ੍ਹਾ ਅਨੁਸਾਰ ਇਹ ਸਭ ਹਰਾਮ ਸੀ, ਇਸ ਲਈ ਇਸ ਹਰਾਮ ਦੇ ਅਹਿਸਾਸ ਨੂੰ ਮਿਟਾ ਦੇਣ ਲਈ ਇਹਨਾਂ ਨੇ ਬਿਸਮਿਲ ਸ਼ਬਦ ਨੂੰ ਹਲਾਲ ਵਿਚ ਬਦਲ ਦਿਤਾ ਤੇ ਹੁਣ ਕਿਸੇ ਦਾ ਵੀ ਕੁੱਕੜ, ਬਕਰਾ, ਆਦਿ ਜੇ ਬਿਸਮਿਲਾ ਕਰ ਕੇ ਕੱਟ ਲਿਆ ਜਾਂਦਾ ਤਾਂ ਮੁਸਲਮਾਨ ਲਈ "ਹਲਾਲ" ਹੋ ਜਾਂਦਾ ਸੀ। ਹਾਲਾਂ ਕਿ ਕਿਸੇ ਉਰਦੂ, ਅਰਬੀ, ਫ਼ਾਰਸੀ ਜਾਂ ਕਿਸੇ ਹੋਰ ਜ਼ਬਾਨ ਦੇ ਕਿਸੇ ਕੋਸ਼ ਅਥਵਾ ਵਿਆਕਰਣ ਦਾ ਹਲਾਲ ਸ਼ਬਦ ਨਾਲ ਕਿਸੇ ਜੀਵ ਦੀ ਹਤਿਆ ਕਰਨ, ਵੱਢਣ, ਕੱਟਣ ਨਾਲ ਬਿਲਕੁਲ ਕੋਈ ਸੰਬੰਧ ਨਹੀਂ ਹੈ। ਹਲਾਲ ਦਾ ਮਤਲਬ ਕੇਵਲ ਹੈ "ਖਾਣ ਜਾਂ ਵਰਤਣ ਯੋਗ ਵਸਤੂ"।

ਜਿਸ ਤਰ੍ਹਾਂ ਸ਼ਬਦ ਹਲਾਲ ਦਾ ਮਾਸ ਨਾਲ ਕੋਈ ਸੰਬੰਧ ਨਹੀਂ, ਇਸੇ ਤਰ੍ਹਾਂ ਹੀ ਸ਼ਬਦ ਝਟਕੇ ਨਾਲ ਕੋਈ ਸੰਬੰਧ ਨਹੀਂ। ਝਟਕਾ ਸ਼ਬਦ ਸਾਹਿੱਤ ਵਿਚ ਸਭ ਤੋਂ ਪਹਿਲਾਂ ਕਬੀਰ ਜੀ ਨੇ ਵਰਤਿਆ ਹੈ ਅਤੇ ਉਹ ਵੀ ਮਾਸ ਖਾਣ ਵਾਲਿਆਂ ਦੀ ਨਿਖੇਧੀ ਵਿਚ ਹੀ ਵਰਤਿਆ ਹੈ :—

ਉਨ ਝਟਕਾ ਉਨ ਬਿਸਮਿਲ ਕੀਆ ਦਯਾ
ਦੁਹਾਂ ਤੇ ਭਾਗੀ ॥ ਕਹੁ ਕਬੀਰ ਸੁਨਹੁ ਰੇ
ਸੰਤਹੁ, ਆਗ ਦੁਹੂ ਘਰਿ ਲਾਗੀ ॥

[ਕਬੀਰ ਭਜਨਾਵਲੀ

ਭਾਵ :—ਵਿਚਾਰੇ ਬੇਜ਼ੁਬਾਨ ਜੀਵ ਨੂੰ ਭਾਵੇਂ ਸ਼ਾਹ ਰਗ ਕੱਟ ਕੇ ਤੇ ਬਿਸਮਿਲਾ ਆਖ ਕੇ ਮਾਰਿਆ ਜਾਵੇ ਤੇ ਭਾਵੇਂ ਅਖਉਤੀ ਹਿੰਦੂ ਤਰੀਕੇ ਨਾਲ ਇਕੋ ਵਾਰ ਨਾਲ ਜ਼ਬਾਹ ਕੀਤਾ ਜਾਵੇ, ਦੋਹਾਂ ਹੀ ਤਰੀਕਿਆਂ ਨਾਲ ਨਿਤਾਣੇ ਰੱਬ ਦੇ ਜੀਵਾਂ ਦੀ ਹਤਿਆ ਕਰਨ ਵਾਲਿਆਂ ਦੇ ਮਨ ਚੋਂ ਦਯਾ ਨਿਕਲ ਜਾਂਦੀ ਹੈ ਤੇ ਕੁਦਯਾ ਅਥਵਾ ਜ਼ੁਲਮ ਦਾ ਵਾਸ ਉਨ੍ਹਾਂ ਦੇ ਮਨ ਵਿੱਚ ਹੋਜਾਂਦਾ ਹੈ,ਜਿਸ ਕਰਕੇ ਇਹਨਾਂ ਦੋਹਾਂ ਤ੍ਰੀਕਿਆਂਨਾਲ ਹੀ ਜੀਵਬਧ ਕਰਨ ਵਾਲਿਆਂਦੇ ਹਿਰਦਿਆਂਵਿਚ ਸਦਾ ਹੀ ਅਸ਼ਾਂਤੀ ਦੀ ਅੱਗ ਤੇ ਭਟਕਣਾ ਲੱਗੀ ਰਹਿੰਦੀ ਹੈ।

ਕੁਝ ਸ਼ਬਦ ਕੁਝ ਮਨੁਖ-ਸਮਾਜਾਂ ਵਿਚ ਕੁਝ ਵਿਸ਼ੇਸ਼ ਅਰਥਾਂ ਵਿਚ ਪ੍ਰਸਿੱਧ ਹੋ ਜਾਂਦੇ ਹਨ ਅਥਵਾ ਕਰ ਦਿਤੇ ਜਾਂਦੇ ਹਨ। ਬਹੁਤ ਕਰਕੇ ਇਹਨਾਂ ਸ਼ਬਦਾਂ ਦੇ ਪ੍ਰਸਿੱਧ ਹੋਏ ਅਰਥ ਸਾਹਿਤ, ਕੋਸ਼ਕਾਰੀ ਅਥਵਾ ਵਿਆਕਰਣ ਦੇ ਦ੍ਰਿਸ਼ਟੀਕੋਣ ਤੋਂ ਬਿਲਕੁਲ ਉਲਟ ਹੁੰਦੇ ਹਨ। ਜਿਵੇਂ ਕਿ ਸਿਖ ਸਮਾਜ ਵਿਚ ਸ਼ਬਦ "ਜੋੜਾ", ਲੰਗਰ, ਰਹਿਤ, ਅਖੰਡ ਪਾਠ, ਛਾਂਦਾ, ਦੇਗ ਆਦਿ ਆਪਣੇ ਮਖ਼ਸੂਸ ਅਰਥਾਂ ਵਿਚ ਪ੍ਰਸਿੱਧ ਹਨ।

ਸ਼ਬਦ "ਜੋੜਾ" ਜਾਂ ਜੋੜੇ ਸਿਖ ਸਮਾਜ ਵਿਚ "ਜੁਤੀਆਂ" ਦੇ ਅਰਥਾਂ ਨਾਲ ਪ੍ਰਸਿੱਧ ਹੈ। ਪਰ ਕਿਸੇ ਕੋਸ਼, ਕਿਸੇ ਡਿਕਸ਼ਨਰੀ ਆਦਿ ਵਿਚ ਜੋੜੇ ਦੇ ਅਰਥ ਜੁਤੀਆਂ ਨਹੀਂ ਲਿਖਿਆ ਗਿਆ। ਇਸੇ ਤਰ੍ਹਾਂ ਤਬਲੇ ਲਈ ਜੋੜੀ, ਲੰਗਰ ਮਸਤਾਨਾ, ਅਨੰਦ, ਸਵਾਇਆ, ਆਦਿ ਸ਼ਬਦ ਹਨ।

ਇਸੇ ਤਰ੍ਹਾਂ ਹੀ ਸ਼ਬਦ "ਝਟਕਾ" ਤੇ "ਕੁੱਠਾ" ਸਾਡੇ ਸਮਾਜ ਵਿਚ "ਇਕ ਵਾਰ ਨਾਲ ਬਣਾਏ ਮਾਸ" ਅਥਵਾ ਸ਼ਾਹ ਰਗ ਕੱਟ ਕੇ ਬਣਾਏ "ਹਲਾਲੀ ਮਾਸ" ਦੇ ਅਰਥਾਂ ਵਿਚ ਪ੍ਰਸਿੱਧ ਹੋ ਗਏ ਹਨ।

ਇਹ ਗੱਲ ਤਾਂ ਅਸੀਂ ਪਿਛੇ ਸਿਧ ਕਰ ਹੀ ਆਏ ਹਾਂ ਕਿ ਝਟਕਾ ਸ਼ਬਦ ਸਿੱਖ ਸਾਹਿੱਤ ਦਾ ਸ਼ਬਦ ਨਹੀਂ ਹੈ, ਐਪਰ ਸਿਖ ਸਾਹਿੱਤ ਤੋਂ ਪਹਿਲਾਂ ਦੇ ਕਿਸੇ ਸਾਹਿੱਤ ਦੀ ਡਿਕਸ਼ਨਰੀ ਵਿਚ ਵੀ "ਝਟਕਾ" ਦੇ ਉਪ੍ਰੋਕਤ ਅਰਥ ਕੀਤੇ ਹੋਏ ਬਿਲਕੁਲ ਨਹੀਂ ਮਿਲਦੇ।

ਇਹ ਤਾਂ ਕੇਵਲ ਮਾਸ ਖਾਣ ਵਾਲਿਆਂ ਅਤੇ ਪੰਥ ਦੇ ਦੋਖੀਆਂ ਨੇ ਪੰਥ ਨੂੰ ਕਮਜ਼ੋਰ ਕਰਨ ਲਈ, ਇਸ ਨੂੰ ਪਥ-ਭ੍ਰਿਸ਼ਟ ਕਰਨ ਲਈ, ਅਹਾਰ-ਭ੍ਰਿਸ਼ਟ ਕਰਨ ਲਈ, ਇਹ ਸ਼ਬਦ ਕਬੀਰ-ਰਚਨਾ ਚੋਂ ਢੂੰਡ ਕੇ, ਸਾਡੇ ਵਿਚ ਪ੍ਰਸਿਧ ਕਰ ਦੇਣ ਵਿਚ ਸਫ਼ਲਤਾ ਪ੍ਰਾਪਤ ਕਰ ਲਈਹੈ।

ਇਹੋ ਜਹੇ ਪੰਥ-ਦੋਖੀਆਂ ਚਾਤਰਾਂ ਨੇ ਆਲੇ ਭੋਲੇ ਸਜਣਾਂ ਨੂੰ, ਮਾਸ ਖਾਣ ਵਲ ਆਕ੍ਰਸ਼ਤ ਕਰਨ ਲਈ, ਇਕ ਹੋਰ ਚਾਲ ਵੀ ਖੇਡੀ ਹੈ। ਉਹ ਇਹ ਕਿ ਮਾਸ ਜਿਹੀ ਘ੍ਰਿਣਤ ਅਤੇ ਗੁਰੂ ਘਰ ਵਿਚ ਸਖ਼ਤ ਵਰਜਿਤ ਅਥਵਾ ਰਹਿਤ ਮਰਯਾਦਾ ਵਿਚ ਬੁਰੀ ਤਰ੍ਹਾਂ ਨਿਸ਼ੇਧਤ ਵਸਤੂ ਨੂੰ "ਮਹਾਂ ਪ੍ਰਸ਼ਾਦ" ਦਾ ਨਾਉਂ ਦੇ ਦਿਤਾ ਹੈ। ਮਾਸ ਨੂੰ ਮਹਾਂ ਪ੍ਰਸ਼ਾਦ ਆਖਣਾ ਇਕ ਬਹੁਤ ਵੱਡੀ ਤੇ ਪੰਥ-ਘਾਤਕ ਸਾਜ਼ਸ਼ੀ ਸ਼ਰਾਰਤ ਹੈ ਅਤੇ ਪਾਵਨ ਗੁਰੂ-ਬਾਣੀ ਦੇ ਆਸ਼ੇ ਦੀ ਘੋਰ ਵਿਰੋਧਤਾ ਕਰਨ ਦੇ ਪਾਪ

www.AKJ.Org

ਬਰਾਬਰ ਹੈ।

ਪਾਵਨ ਗੁਰੂ ਬਾਣੀ ਵਿਚ ਤ੍ਰੈ ਭਾਵਲ ਅਥਵਾ ਕੜਾਹ ਪ੍ਰਸ਼ਾਦ ਨੂੰ ਮਹਾਂ ਪ੍ਰਸ਼ਾਦ ਆਖਿਆ ਗਿਆ ਹੈ। ਮਾਸ ਜਿਹੀ ਘ੍ਰਿਣਤ, ਤਾਮਸਿਕ ਅਤੇ ਗੁਰਮਤਿ ਵਿਚ ਸਖਤ ਵਰਜਿਤ ਵਸਤੂ ਨੂੰ ਹਰਗਿਜ ਹਰਗਿਜ਼ ਮਹਾਂ ਪ੍ਰਸ਼ਾਦ ਨਹੀਂ ਆਖਣਾ ਚਾਹੀਦਾ।

ਪਵਿੱਤਰ ਗੁਰੂ ਬਾਣੀ ਵਿਚ ਕੜਾਹ ਪ੍ਰਸ਼ਾਦ ਲਈ ਸ਼ਬਦ ਮਹਾਂ ਪ੍ਰਸ਼ਾਦ ਵਰਤਿਆ ਹੈ:—

ਸਾਧ ਸੰਗਤ ਅਸਨ ਬਸਨ ਕੈ ਮਹਾ ਪ੍ਰਸਾਦ
ਸੋਈ ਤੋ ਅਸਾਧ ਸੰਗ ਬਿਸਮ ਅਹਾਰ ਹੈ॥

[ਭਾ: ਗੁਰਦਾਸ ਜੀ, ਕਬਿਤ ਸਵਯੇ ੧੭੫—੧

ਭਾਵ —ਸਾਧ ਸੰਗਤ ਵਿਚ ਜਾਣ ਨਾਲ ਮਨੁਖ ਸੰਤੋਖੀ ਹੋ ਜਾਂਦਾ ਹੈ ਅਤੇ ਫਟੇ ਪੁਰਾਣੇ ਕਪੜਿਆਂ ਨੂੰ ਦੁਸ਼ਾਲੇ ਸਮਝਣ ਲੱਗ ਜਾਂਦਾ, ਅਥਵਾ ਜੋ ਵੀ ਰੁਖੀ ਸੁਖੀ ਮਿਲੇ ਉਸ ਨੂੰ ਕੜਾਹ ਪ੍ਰਸ਼ਾਦ ਸਮਝਦਾ ਹੈ।

ਗਿਆਨੀ ਬਿਸ਼ਨ ਸਿੰਘ ਜੀ ਨੇ ਬਾਣੀ ਭਾ: ਗੁਰਦਾਸ ਜੀ ਸਟੀਕ ਵਿਚ ਮਹਾਂ ਪ੍ਰਸਾਦਿ ਸ਼ਬਦ ਉਚੇਚੇ ਤੋਰ ਉਤੇ ਸਟਾਰ (*) ਮਾਰਕ ਲਗਾ ਕੇ ਪੰਨਾ ੧੧੨ ਉਤੇ ਫ਼ੁਟ-ਨੋਟ ਵਿਚ ਸਪੱਸ਼ਟੀਕਰਨ ਕੀਤਾ ਹੈ :—

"ਮਹਾਂ ਪ੍ਰਸ਼ਾਦ—ਮਾਸ ਨਹੀਂ ਕੜਾਹ ਪ੍ਰਸ਼ਾਦ ਹੈ।"

ਗੁਰਸਿਖਾਂ ਗੁਰਸਿਖ ਸੇਵਾ ਲਾਇਆ॥
ਆਇ ਮਹਾਂ ਪ੍ਰਸਾਦ ਵੰਡ ਖੁਆਇਆ॥

[ਭਾ: ਗੁਰਦਾਸ ਜੀ, ੨੦—੧੩

ਸ਼੍ਰੋ: ਗੁ: ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਵਾਰਾਂ ਭਾ: ਗੁਰਦਾਸ ਜੀ ਦੇ ਪੰਨਾ ੨੧੯ ਉਤੇ ਮਹਾਂ ਪ੍ਰਸਾਦ ਦਾ ਅਰਥ "ਕੜਾਹ ਪ੍ਰਸਾਦ" ਕੀਤਾ ਹੈ।

ਗਿ: ਬਿਸ਼ਨ ਸਿੰਘ ਜੀ ਨੇ ਵਾਰਾਂ ਭਾ: ਗੁਰਦਾਸ ਜੀ ਸਟੀਕ ਵਿਚ ਪੰਨਾ ੨੩੭ ਉਤੇ ਲਿਖਿਆ ਹੈ ਕਿ "ਕੁਣਕਾ" ਨੂੰ ਕੜਾਹ ਪ੍ਰਸ਼ਾਦ ਨਹੀਂ ਕਹਿਣਾ ਚਾਹੀਦਾ ਸਗੋਂ ਮਹਾਂ ਪ੍ਰਸ਼ਾਦ ਕਹਿਣਾ ਚਾਹੀਦਾ ਹੈ।

ਪੰਡਿਤ ਹਜ਼ਾਰਾ ਸਿੰਘ ਜੀ ਅਤੇ ਗਿਆਨੀ ਅਮੀਰ ਸਿੰਘ ਜੀ ਇਸ ਸ਼ਬਦ ਦਾ ਅਰਥ ਕੜਾਹ ਪ੍ਰਸ਼ਾਦ ਹੀ ਕਰਦੇ ਹਨ।

ਸ: ਗੁਰਬਖਸ਼ ਸਿੰਘ ਜੀ ਇਸ ਸਬੰਧ ਵਿਚ ਲਿਖਦੇ ਹਨ:—

ਮਾਸ ਖਾਣ ਵਾਲੇ ਸਿਖਾਂ ਨੇ ਮਾਸ ਨੂੰ "ਮਹਾਂ ਪ੍ਰਸ਼ਾਦ" ਆਖ ਕੇ ਬੜੀ ਜ਼ਿਆਦਤੀ ਕੀਤੀ ਹੈ। ਗੁਰੂ ਘਰ ਵਿਚ ਕੜਾਹ ਪ੍ਰਸ਼ਾਦ ਨੂੰ ਮਹਾਂ ਪ੍ਰਸ਼ਾਦ ਆਖਿਆ ਜਾਂਦਾ ਹੈ।

[ਸਰਬ ਪਖੀ ਨਾਇਕ

ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਨੂੰ ਗੁਰੂ ਘਰ ਵਿਚ ਇਕ ਵਿਸ਼ੇਸ਼ ਸਤਿਕਾਰ ਪ੍ਰਾਪਤ ਹੈ। **ਮਰਯਾਦਾ ਅਨੁਸਾਰ ਹਰ ਐਰਾ ਗ਼ੈਰਾ ਸਜਣ ਕੜਾਹ ਪ੍ਰਸ਼ਾਦ ਅਥਵਾ ਦੇਗ ਤਿਆਰ ਨਹੀਂ ਕਰ ਸਕਦਾ।** ਇਸ ਦੀ ਸਾਜਨਾ ਦਾ ਅਧਿਕਾਰ ਕੇਵਲ ਪੂਰੇ ਨਿਤਨੇਮੀ ਸਜਣ ਨੂੰ ਹੀ ਦਿਤਾ ਗਿਆ ਹੈ। ਸਿੰਘ ਹੋਣ ਦੀ ਸ਼ਕਲ ਵਿਚ ਇਸ ਦੀ ਤਿਆਰੀ ਦਾ ਅਧਿਕਾਰ ਕੇਵਲ ਅੰਮ੍ਰਿਤਧਾਰੀ ਤੇ ਪੂਰਨ ਰਹਿਤ ਬਹਿਤ ਵਾਲੇ ਸਜਣ ਨੂੰ ਹੀ ਹੈ। ਦੇਗ ਤਿਆਰੀ ਤੋਂ ਪਹਿਲਾਂ ਸਾਰੇ ਸੰਬੰਧਤ ਬਰਤਨ, ਚੌਕਾ, ਸਜਾਣ ਵਾਲੇ ਸਜਣ ਦੇ ਬਸਤਰ, ਹੱਥ ਆਦਿ ਪਵਿੱਤਰ ਕਰ ਲੈਣੇ ਜ਼ਰੂਰੀ ਹਨ। ਦੇਗ ਸਜਾਣ ਸਮੇਂ, ਸਜਾਣ ਵਾਲੇ ਸਜਣ ਦਾ ਮੂੰਹ ਵੀ ਮੁੰਡਾਸਾ ਮਾਰ ਕੇ ਬੰਨ੍ਹਿਆ ਹੋਣਾ ਚਾਹੀਦਾ ਹੈ। ਜਿਤਨੀ ਦੇਰ ਦੇਗ ਤਿਆਰ ਹੁੰਦੀ ਰਹੇ, ਇਸ ਦੇ ਸਜਾਣ ਵਾਲੇ ਸਜਣ ਦੇ ਮੂੰਹੋਂ ਜਪੁਜੀ ਦਾ ਪਾਠ ਅਥਵਾ ਗੁਰ-ਮੰਤਰ ਦਾ ਰਟਨ ਹੁੰਦਾ ਰਹਿਣਾ ਜ਼ਰੂਰੀ ਹੈ। ਦੇਗ ਤਿਆਰ ਹੋ ਜਾਣ ਤੇ ਜਦੋਂ ਦੀਵਾਨ-ਅਸਥਾਨ ਵਿਚ ਸਤਿਗੁਰੂ ਜੀ ਦੇ ਹਜ਼ੂਰ ਲਿਆਂਦਾ ਜਾਂਦੀ ਹੈ ਤਾਂ ਸੰਗਤ ਵਿਚ ਬੈਠੇ ਹਰ ਸੱਜਣ ਦਾ ਸਿਰ ਝੁਕ ਜਾਂਦਾ ਹੈ। ਦੇਗ ਜਦੋਂ ਵੰਡੀ ਜਾਂਦੀ ਹੈ ਤਾਂ ਵੰਡਣ ਵਾਲੇ ਦਾ ਮੂੰਹ ਵੀ ਦੇਗ ਦੀ ਪਵਿਤ੍ਰਤਾ ਕਾਇਮ ਰਖਣ ਲਈ ਬੰਨ੍ਹਿਆ ਹੁੰਦਾ ਹੈ ਅਤੇ ਜਦੋਂ ਪ੍ਰਸ਼ਾਦ ਦੇਣ ਵਾਲਾ ਦੇਂਦਾ ਹੈ ਤਾਂ ਦੇਣ ਵਾਲੇ ਅਤੇ ਲੈਣ ਵਾਲੇ ਦੋਹਾਂ ਦੇ ਮੂੰਹੋਂ "ਵਾਹਿਗੁਰੂ" ਸ਼ਬਦ ਦਾ ਉਚਾਰਨ ਅਭੋਲ ਹੀ ਹੋ ਜਾਂਦਾ ਹੈ।

ਇਹੋ ਜਹੀ ਪਵਿਤਰ ਵਸਤੂ ਦਾ ਨਾਉਂ ਮਾਸ ਜਹੀ ਘ੍ਰਿਣਤ ਵਸਤੂ ਨੂੰ ਦੇਣਾ ਇਕ ਅਤੀ ਸ਼ਰਮਨਾਕ ਗੱਲ ਅਤੇ ਇਕ ਸਫਲ ਗੁਮਰਾਹ ਕੁਨ ਸਾਜ਼ਸ਼ ਹੈ।

ਜਿਵੇਂ ਤ੍ਰੈ ਭਾਵਲ ਦਾ ਨਾਉਂ "ਮਹਾ ਪ੍ਰਸ਼ਾਦ" ਦੀ ਥਾਵੇਂ "ਕੜਾਹ ਪ੍ਰਸ਼ਾਦ" ਪ੍ਰਸਿਧ ਕਰ ਦਿਤਾ ਗਿਆ ਹੈ ਅਤੇ "ਮਾਸੁ" ਨੂੰ "ਮਹਾਂ ਪ੍ਰਸ਼ਾਦ" ਨਾਲ ਪ੍ਰਸਿਧ ਕਰ ਦਿਤਾ ਗਿਆ ਹੈ ਇਸੇ ਤਰ੍ਹਾਂ ਹੀ "ਕੁੱਠਾ" ਸ਼ਬਦ ਨੂੰ ਹਲਾਲੀ ਮਾਸ ਦੇ ਅਰਥਾਂ ਵਿਚ ਅਤੇ "ਝਟਕਾ" ਸ਼ਬਦ ਨੂੰ ਮਾਸ (ਮਹਾਂ ਪ੍ਰਸ਼ਾਦ) ਲਈ ਪ੍ਰਸਿਧ ਕਰ ਦਿਤਾ ਗਿਆ ਹੈ।



www.AKJ.Org

# ਸਿੱਖੀ ਸਰੂਪ ਕਿਵੇਂ ਸੁਰੱਖਿਅਤ ਹੋਵੇ ?

[ਵਲੋਂ:--ਡੀ. ਐਸ. ਲਾਇਲਪੁਰੀ, ਜਲੰਧਰ]

ਗੱਲ ਚਲ ਰਹੀ ਸੀ ਸਿੱਖੀ ਸਰੂਪ ਦੀ। ਚਾਰ ਪੰਜ ਵਿਅਕਤੀ, ਇਕ ਹੋਟਲ ਵਿਚ ਚਾਹ ਪੀ ਰਹੇ ਸਨ ਤੇ ਨਾਲ ਬਹਿਸ ਹੋ ਰਹੀ ਸੀ ਅੱਜ ਕੱਲ ਦੇ ਸਿਖ ਨੌਜਵਾਨਾਂ ਦੇ ਕਿਰਦਾਰ ਦੀ, ਉਹਨਾਂ ਦੀ ਰਹਿਣੀ ਦੀ, ਤੇ ਮੌਲਵੀਆਂ ਵਰਗੀਆਂ ਸ਼ਕਲਾਂ ਦੀ।

ਇਕ ਸਜਨ ਕਹਿ ਰਹੇ ਸਨ, ਸ਼ਰੋਮਣੀ ਗੁਰ-ਦਵਾਰਾ ਪ੍ਰਬੰਧਕ ਕਮੇਟੀ, ਚੀਫ਼ ਖਾਲਸਾ ਦੀਵਾਨ ਤੋਂ ਲੈ ਕੇ ਫ਼ਾਊਂਡੇਸ਼ਨਾਂ, ਅਨੇਕਾਂ ਸਿੰਘ ਸਭਾਵਾਂ, ਗੁਰਮਤਿ ਪ੍ਰਚਾਰ ਸੁਸਾਇਟੀਆਂ ਅਤੇ ਹੋਰ ਅਨੇਕਾਂ ਸਿਖ ਸੰਸਥਾਵਾਂ ਦੇ ਪ੍ਰਚਾਰਕ ਤੇ ਆਗੂ ਧਰਮ ਪ੍ਰਚਾਰ, ਅੰਮ੍ਰਿਤ ਪ੍ਰਚਾਰ ਦੀ ਦੁਹਾਈ ਦੇ ਰਹੇ ਹਨ। ਸੈਂਕੜੇ ਸਿੰਘ ਰੋਜ਼ ਅੰਮ੍ਰਿਤ ਛਕਦੇ, ਹਜ਼ਾਰਾਂ ਲਖਾਂ ਸੰਗਤਾਂ ਭੀ ਪਵਿਤਰ ਧਾਰਮਕ ਅਸਥਾਨਾਂ ਤੇ ਜਾ ਕੇ ਇਸ਼ਨਾਨ ਕਰਦੀਆਂ, ਕੀਰਤਨ ਸਰਵਨ ਕਰਦੀਆਂ, ਕੀਰਤਨ-ਦਰਬਾਰਾਂ, ਧਰਮ-ਪ੍ਰਚਾਰ-ਸਮਾਗਮਾਂ, ਗੁਰਪੁਰਬਾਂ ਅਤੇ ਹੋਰ ਧਾਰਮਕ ਦੀਵਾਨਾਂ ਵਿਚ ਸ਼ਾਮਲ ਹੁੰਦੀਆਂ ਨੇ। ਸ਼ਰੋਮਣੀ ਗੁਰਦਵਾਰਾ ਕਮੇਟੀ ਦਾ ਧਰਮ ਪ੍ਰਚਾਰ ਬਜਟ ੨੦ ਲਖ ਰੁਪਏ ਦੇ ਲਗ ਪਗ ਦਸਿਆ ਜਾਂਦਾ ਹੈ। ਪਰ ਇਸਦੇ ਬਾਵਜੂਦ ਸਿਖੀ ਸਰੂਪ ਅਲੋਪ ਹੋ ਰਿਹਾ ਹੈ। ਆਖ਼ਿਰ ਇਸ ਅਧੋਗਤੀ ਦਾ ਕਾਰਨ ਕੀ ਹੈ ? ਧਰਮ ਪ੍ਰਚਾਰ ਕਿਉਂ ਨਹੀਂ ਹੁੰਦਾ ? ਸਿਖ ਨੌਜਵਾਨਾਂ ਵਿਚ ਵਧ ਰਹੇ ਪਤਿਤਪੁਣੇ ਨੂੰ ਠਲ੍ਹ ਕਿਉਂ ਨਹੀਂ ਪੈਂਦੀ ?

ਦੂਸਰੇ ਸਜਨ ਸੋਚ ਰਹੇ ਸਨ। ਬੜੇ ਗੰਭੀਰ ਚੇਹਰੇ ਨਾਲ ਵੇਖਦਿਆਂ ਕਹਿਣ ਲਗੇ, "ਕਾਰਨ ਸਪੱਸ਼ਟ ਹੈ ਕਿ ਮੁਖ ਮਨੋਰਥ ਧਰਮ ਪ੍ਰਚਾਰ ਨਹੀਂ, ਸਗੋਂ ਨਿਸ਼ਾਨਾ ਸਿਆਸੀ ਹੈ। ਸਾਡੇ ਧਾਰਮਕ ਨੇਤਾ ਸਿਆਸੀ ਮੋਹਰੇ ਬਣੇ ਹੋਏ ਹਨ। ਇਸ ਅਧੋਗਤੀ ਲਈ ਕੋਈ ਰਾਗੀ ਤੇ ਪਰਚਾਰਕ ਸਿੰਘਾਂ ਨੂੰ ਦੋਸ਼ੀ ਠਹਿਰਾਂਦਾ ਹੈ, ਕੋਈ ਸਾਰਾ ਕਸੂਰ ਗਰੰਥੀ ਸਿੰਘਾਂ ਦੇ ਸਿਰ ਮੜ੍ਹਦਾ ਹੈ। ਗਰੰਥੀ ਸਿੰਘ ਪ੍ਰਬੰਧਕਾਂ ਨੂੰ ਕੋਸਦੇ ਹਨ। ਇਸ ਦਾ ਮਤਲਬ ਸਾਫ਼ ਹੈ ਕਿ ਸਾਡੇ ਨਜ਼ਾਮ ਵਿਚ, ਸਾਡੇ ਉਦੇਸ਼ ਤੇ ਨਿਸ਼ਾਨਿਆਂ ਅਤੇ ਕਾਰਜ-ਪ੍ਰਣਾਲੀ ਵਿਚ ਖ਼ਰਾਬੀਆਂ ਹਨ, ਜੋ ਕਰੋੜਾਂ ਰੁਪਏ ਲਾ ਕੇ ਉਸਾਰੇ ਆਲੀਸ਼ਾਨ ਗੁਰਦਵਾਰਿਆਂ ਅਤੇ ਨਿਰੰਤਰ ਹੋ ਰਹੇ ਧਰਮ ਪ੍ਰਚਾਰ ਤੇ ਅੰਮ੍ਰਿਤ ਪ੍ਰਚਾਰ ਦੇ ਅਸਰ ਨੂੰ ਨ ਕੇਵਲ ਜ਼ਾਇਲ ਕਰ ਰਹੀਆਂ ਹਨ, ਸਗੋਂ ਉਲਟਾ ਪ੍ਰਭਾਵ ਪੈ ਰਿਹਾ ਹੈ, ਨਾਸਤਕਤਾ ਤੇ ਪਤਿਤਪੁਣਾ ਅਗੇ ਨਾਲੋਂ ਕਈ ਗੁਣਾ ਵਧ ਗਿਆ ਹੈ।"

ਤੀਸਰੇ ਸਜਨ ਚੁਪ ਨਾ ਰਹਿ ਸਕੇ ਤੇ ਕਹਿਣ ਲਗੇ, "ਧਰਮ ਪ੍ਰਚਾਰ ਕਰਨ ਵਾਲੇ ਜਾਂ ਇਸ ਦਾ ਨਾਅਰਾ ਲਗਾਣ ਵਾਲੇ ਆਪ ਧਾਰਮਕ ਸ਼ਰਧਾ ਤੋਂ ਸਖਣੇ ਹਨ। ਕੋਈ ਕਾਰਨ ਨਹੀਂ ਕਿ ਜਿਸ ਸਰੂਪ ਨੂੰ ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਵਿਚ ਟੁਭੀ ਲਾ ਕੇ ਚਿਤਵਿਆ, ਗੁਰੂ ਤੇਗ ਬਹਾਦਰ ਜੀ ਨੇ ਅਦੁਤੀ ਸ਼ਹੀਦੀ ਦੇ ਕੇ ਅਕਾਲ ਪੁਰਖ ਦੇ ਸਰੂਪ ਨੂੰ ਚਿਤਰਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਲੈ ਕੇ ਇਕ ਨਵੇਂ ਤੇ ਅਨੋਖੇ ਸਰੂਪ ਵਾਲੇ ਖਾਲਸੇ ਦੀ ਸਾਜਨਾ ਕੀਤੀ, ਦਸ ਗੁਰੂ ਸਾਹਿਬਾਂ ਦੀ ੨੩੯ ਸਾਲਾਂ ਦੀ ਲੰਮੀ ਤੇ ਕਠਨ ਤਪੱਸਿਆ ਅਤੇ ਲਗਨ ਨਾਲ ਤਿਆਰ ਕੀਤੀ ਗੁਰਸਿਖੀ ਦੀ ਫੁਲਵਾੜੀ ਨਾਲ ਸਾਰਾ ਸੰਸਾਰ ਨਾ ਮਹਿਕ ਉਠਦਾ। ਜਿਥੇ ਕਰਨੀ ਤੇ ਸਿਦਕ ਹੈ, ਉਥੇ ਅਸਰ ਪਰਤਖ ਹੈ, ਉਹ ਆਪਣੇ ਆਲੇ ਦੁਆਲੇ ਨੂੰ ਚੰਦਨ-ਮਈ ਮਹਿਕ ਨਾਲ ਸੁਗੰਧਤ ਕਰ ਦੇਂਦਾ ਹੈ। ਪਰ ਇਥੇ ਤਾਂ ਆਵਾ ਹੀ ਊਤ ਗਿਆ ਹੈ। ਲੀਡਰਾਂ ਨੂੰ ਚੌਧਰਮਾ ਚਮਕਾਣ ਦਾ ਫ਼ਿਕਰ ਹੈ, ਰਾਗੀ ਤੇ ਗਰੰਥੀਆਂ ਨੂੰ ਪਾਠਾਂ ਅਤੇ ਕੀਰਤਨ-ਭੇਟ ਦੀ ਸ਼ਕਲ ਵਿਚ ਚੋਖੀ ਕਮਾਈ ਕਰਨ ਦਾ ਲਾਲਚ ਹੈ। ਮੌਜੂਦਾ ਮਲਕ ਭਾਗੋ ਦੇ 'ਕਾਲੇ ਧਨ' ਨਾਲ ਉਸਰੇ ਗੁਰਦਵਾਰਿਆਂ ਨੇ ਭਾਈ ਲਾਲੋ ਦੀਆਂ ਛਪਰੀਆਂ ਰਹਿਣ ਹੀ ਨਹੀਂ ਦਿਤੀਆਂ। ਇਸ ਗੁਰਵਾਕ ਨੂੰ ਹੀ ਅੱਖੋਂ ਉਹਲੇ ਕਰ ਦਿਤਾ ਹੈ—



www.AKJ.Org

'ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥ ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥'

ਸੇਵਾ ਭਾਵ ਖ਼ਤਮ ਹੋ ਗਿਆ ਹੈ। ਪਖਾ ਫੇਰੀਂ, ਪਾਣੀ ਢੋਵਾਂ ਦੀ ਲੋੜ ਹੀ ਨਹੀਂ ਰਹੀ। ਭਾਈ ਲਾਲੋ ਦੀਆਂ ਸਾਖੀਆਂ ਸੁਨਾਣ ਵਾਲਿਆਂ ਨੂੰ ਮਲਕ ਭਾਗੋ ਦੇ ਨੋਟਾਂ ਦੀ ਖਿਚ ਹੈ।''

ਇਹ ਬਹਿਸ ਕਾਫ਼ੀ ਰੋਚਕ ਹੋ ਗਈ, ਚਾਹ ਪਿਆਲੀਆਂ ਵਿਚ ਹੀ ਠੰਢੀ ਹੋ ਗਈ। ਦੋ ਤਿੰਨ ਸਜਨ ਹੋਰ ਨੇੜੇ ਆ ਬੈਠੇ। ਇਹਨਾਂ ਵਿਚੋਂ ਇਕ ਦੀ ਲੈਨਿਨ-ਕਟ ਦਾੜ੍ਹੀ, ਪਰ ਸਿਰ ਤੇ ਪਗ ਸੀ, ਹਥ ਵਿਚ ਕੜਾ ਵੀ ਸੀ, ਨਾਂ ਸਿਖਾਂ ਵਾਲਾ ਹੀ ਹੋਵੇਗਾ; ਕਹਿਣ ਲਗਾ, ਨਿਸਚਾ ਭਰੋਸਾ ਸ਼ਰਧਾ ਹੋਣੀ ਚਾਹੀਦੀ ਹੈ, ਸਰੂਪ ਵਿਚ ਕੀ ਪਿਆ ਹੈ। ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ-ਸ਼ਤਾਬਦੀ ਅਤੇ ਨੌਵੇਂ ਗੁਰੂ ਜੀ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਨੇ ਦੁਨੀਆ ਭਰ ਦੇ ਲੋਕਾਂ ਦੀਆਂ ਅੱਖਾਂ ਖੋਲ੍ਹ ਦਿਤੀਆਂ ਹਨ ਤੇ ਇਹਨਾਂ ਦੇ ਨਾਮ-ਲੇਵਾ ਸ਼ਰਧਾਲੂਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਜੇ ਕੇਸਾਂ ਦੀ ਪਾਬੰਦੀ ਵਲ ਨਾ ਵੇਖੀਏ ਤਾਂ ਅਜ ਸਾਰੀ ਦੁਨੀਆ ਦਿਲੋਂ ਸਿਖ ਬਣ ਚੁਕੀ ਹੈ।

ਨੁਕਤਾ ਬੜਾ ਗੰਭੀਰ ਸੀ। ਇਕ ਵਾਰ ਤਾਂ ਬਹਿਸ ਕਰ ਰਹੇ ਸਜਨ ਚੁਪ ਕਰ ਗਏ। ਕੋਈ ਗੱਲ ਨ ਔੜੀ, ਪਰ ਚੌਥੇ ਵਿਅਕਤੀ, ਜੋ ਅਜੇ ਤਕ ਸਾਰੀ ਗੱਲਬਾਤ ਦੇ ਦੌਰਾਨ ਬੜੇ ਗਹੁ ਨਾਲ ਸੁਣ ਕੇ ਖ਼ਾਮੋਸ਼ ਬੈਠੇ ਸਨ, ਬੋਲ ਪਏ ''ਹਿੰਦੂ, ਮੁਸਲਮਾਨ ਤੇ ਇਸਾਈ ਕੌਮ ਦਾ ਆਪਣਾ ਕੋਈ ਸਰੂਪ ਨਹੀਂ, ਕੋਈ ਵਿਲੱਖਣਤਾ ਨਹੀਂ, ਕੋਈ ਅਭਿੰਨਤਾ ਨਹੀਂ, ਜਿਸ ਤੋਂ ਉਸ ਦੇ ਹਿੰਦੂ, ਮੁਸਲਮਾਨ ਜਾਂ ਇਸਾਈ ਹੋਣ ਦਾ ਪਤਾ ਲਗ ਸਕੇ। ਦੁਨੀਆ ਵਿਚ ਇਕੋ ਇਕ ਸਿਖ ਕੌਮ ਹੀ ਹੈ, ਜਿਸਦਾ ਆਪਣਾ ਸਰੂਪ ਹੈ, ਅਨੋਖੀ ਨੁਹਾਰ ਤੇ ਨੂਰਾਨੀ ਛਬ ਹੈ। ਲਖਾਂ ਲੋਕਾਂ ਵਿਚ ਖੜੇ ਇਕੱਲੇ ਸਿਖ ਦੀ ਨਿਰਾਲੀ ਸ਼ਾਨ ਹੁੰਦੀ ਹੈ। ਉਸਨੂੰ ਪਹਿਚਾਨਣਾ ਮੁਸ਼ਕਲ ਨਹੀਂ ਹੁੰਦਾ। ਇਸ ਕੌਮ ਦਾ ਵਖਰਾ ਡਸਿਪਲਿਨ ਏ। ਕੇਸ ਅਤੇ ਹੋਰ ਕਕਾਰ ਇਸ ਕੌਮ ਦੀ ਯੂਨੀਫ਼ਾਰਮ ਹੈ। ਜਿਵੇਂ ਫ਼ੌਜ ਵਿਚ ਵਰਦੀ ਪਹਿਨਣੀ ਲਾਜ਼ਮੀ ਹੈ, ਇਸੇ ਪਰਕਾਰ ਕੇਸ ਤੇ ਹੋਰ ਕਕਾਰ ਰਖਣੇ ਹਰੇਕ ਸਿਖ ਲਈ ਜ਼ਰੂਰੀ ਹਨ। ਇਹ ਸਾਡੇ ਗੁਰੂ ਦਾ ਹੁਕਮ ਹੈ। ਇਸ ਉਤੇ ਕੋਈ ਕਿੰਤੂ ਜਾਂ ਬਹਿਸ ਨਹੀਂ ਹੋ ਸਕਦੀ। ਇਸ ਦੇ ਲਾਭ ਹਾਣ ਦੀ ਬਹਿਸ ਵਿਚ ਪੈਣਾ ਆਪਣੇ ਗੁਰੂ ਦੇ ਹੁਕਮ ਤੋਂ ਮੂੰਹ ਮੋੜਨਾ ਹੈ, ਇਹ ਸਾਡਾ ਨਿਸਚਾ ਤੇ ਭਰੋਸਾ ਹੈ। ਕੀ ਕਿਸੇ ਫ਼ੌਜੀ ਨੂੰ ਵਰਦੀ ਤੇ ਡਸਿਪਲਿਨ ਸੰਬੰਧੀ ਕੁਝ ਪੁਛਣ ਜਾਂ ਕਿੰਤੂ ਕਰਨ ਦਾ ਅਧਿਕਾਰ ਹੈ? ਕੀ ਕੋਈ ਜਵਾਨ ਵਰਦੀ ਪਾਏ ਬਿਨਾਂ ਫ਼ੌਜੀ ਅਖਵਾ ਸਕਦਾ ਹੈ? ਫ਼ੌਜੀ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਨੂੰ ਕੋਰਟ-ਮਾਰਸ਼ਲ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਸਿਖੀ ਅਸੂਲਾਂ ਦੀ ਉਲੰਘਣਾ ਕਰਨ ਵਾਲਾ ਸਿਖ ਨਹੀਂ ਅਖਵਾ ਸਕਦਾ। ਕੇਸਾਂ ਦੀ ਬੇਅਦਬੀ ਕਰਨ ਵਾਲਾ ਸਿਖ ਨਹੀਂ ਰਹਿੰਦਾ। ਪੰਥ ਨਾਲ ਉਸਦੀ ਰੋਟੀ ਬੇਟੀ ਦੀ ਸਾਂਝ ਖ਼ਤਮ ਹੋ ਜਾਂਦੀ ਹੈ। ਕੇਸਾਂ ਦੀ ਮਹਾਨਤਾ ਪੁਛਣੀ ਹੋਵੇ ਤਾਂ ਭਾਈ ਤਾਰੂ ਸਿੰਘ ਜੀ, ਭਾਈ ਮਨੀ ਸਿੰਘ ਜੀ ਨੂੰ ਪੁਛੋ, ਉਹਨਾਂ ਸੂਰਬੀਰ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਨੂੰ ਪੁਛੋ ਜਿਨ੍ਹਾਂ ਖੋਪਰੀਆਂ ਉਤਰਵਾ ਲਈਆਂ, ਬੰਦ ਬੰਦ ਕਟਵਾ ਲਏ, ਆਪਣੇ ਬੱਚਿਆਂ ਦੇ ਟੋਟੇ ਆਪਣੀਆਂ ਝੋਲੀਆਂ ਵਿਚ ਪਵਾ ਲਏ, ਪਰ ਸਿਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਇਆ।''

ਯਥਾਰਥਕ ਤਤਾਂ ਨੇ ਲੈਨਿਨਵਾਦੀ ਦਾ ਮੂੰਹ ਬੰਦ ਕਰ ਦਿੱਤਾ। ਹੁਣ ਪੰਜਵੇਂ ਸਜਨ ਚੈਤੰਨ ਹੋ ਗਏ ਤੇ ਕਿਹਾ, ''ਜੇ ਸਮੁਚੇ ਸਿਖ ਲੀਡਰ ਤੇ ਸਿਖ ਸੰਸਥਾਵਾਂ ਦੇ ਕਰਤਾ ਧਰਤਾ ਪੰਥ ਦੀ ਚੜ੍ਹਦੀ ਕਲਾ, ਸਿਖ ਫ਼ਿਲਾਸਫ਼ੀ ਉਤੇ ਵਿਸ਼ਵਾਸ, ਸਿਖੀ ਸਰੂਪ ਉਤੇ ਮਾਣ ਅਤੇ ਆਪਣੇ ਵਿਰਸੇ ਉਤੇ ਅਭਿਮਾਨ ਦੀ ਲਹਿਰ ਚਲਾਣ, ਅਕਾਲੀ ਦਲ ਤੇ ਸ਼ਰੋਮਣੀ ਕਮੇਟੀ ਸਿਆਸਤ ਦੀ ਥਾਂ ਧਰਮ ਦੀ ਲੀਡਰੀ ਪਰਵਾਨ ਕਰੇ ਤਾਂ ਸਥਿਤੀ ਬਦਲ ਸਕਦੀ ਹੈ। ਨਹੀਂ ਤਾਂ ਅਜ ਸਿਖੀ ਸਰੂਪ ਉਤੋਂ ਵਿਸ਼ਵਾਸ ਉਠਦਾ ਜਾ ਰਿਹਾ ਹੈ, ਗੌਰਵ ਖ਼ਤਮ

[ਬਾਕੀ ਵੇਖੋ ਸਫ਼ਾ ੩੭ ਹੇਠ]



www.AKJ.Org

# ਕੁਮਾਰ ਹੱਟੀ ਸਮਾਗਮ ਦੇ ਅਦੁੱਤੀ ਨਜ਼ਾਰੇ

ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ,

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ [੭੮੫

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲਿ ਰਾਖੀ ਮੇਰੀ ॥ [੭੫੦

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ [੭੮੪

ਗੁਰੂ ਨਾਨਕ ਪਾਤਿਸ਼ਾਹ ਆਪ ਕਿਰਪਾ ਕਰਦੇ ਹਨ ਅਤੇ ਆਪਣੇ ਕਾਰਜ ਆਪ ਹੀ ਸਵਾਰਦੇ ਹਨ। ਦੁਪਾਸੜ ਪਹਾੜਾਂ ਦੀਆਂ ਉਚੀਆਂ ਉਚੀਆਂ ਧਾਰਾਂ ਦੇ ਵਿਚਲੇ ਦਰੇ ਵਿਚ ਗੁਰਦਵਾਰਾ ਤਪੋਬਨ ਕੁਮਾਰਹੱਟੀ ਇਕ ਛੋਟੀ ਜਿਹੀ ਟੇਕਰੀ ਤੇ ਇਕ ਨਿਵੇਕਲੇ ਅਸਥਾਨ ਪਰ ਸੁਭਾਇਮਾਨ ਹੈ। ਪੰਜਾਬ ਦੀ ਕਹਿਰਾਂ ਦੀ ਗਰਮੀ ਅਤੇ ਜੇਠ ਹਾੜ ਦੀਆਂ ਲੂੰਹਦੀਆਂ ਲੋਆਂ ਵਿਚੋਂ ਨਿਕਲ ਕੇ, ਕਾਲਕਾ ਟਪ ਕੇ, ਵਿੰਗੀਆਂ ਟੇਢੀਆਂ ਸੜਕਾਂ ਪਹਾੜੀਆਂ ਨੂੰ ਚੀਰਦੀਆਂ ਅਤੇ ਚੜ੍ਹਾਈਆਂ ਚੜ੍ਹਦੀਆਂ ਕੁਮਾਰਹੱਟੀ ਦੀ ਰਮਣੀਕ ਵਾਦੀ ਵਿਚ ਜਾ ਅਪੜਦੀਆਂ ਹਨ। ਇਥੇ ਪੁਜਦਿਆਂ ਹੀ ਸੀਤਲ ਪਉਣਾਂ ਦੇ ਝੁਲਾਰੇ ਮਨ ਵਿਚ ਹੁਲਾਸ ਤੇ ਖੇੜਾ ਲੈ ਆਉਂਦੇ ਹਨ। ਇਹ ਠੰਢੇ ਮਿਠੇ ਪਉਣ-ਫਰਾਟੇ ਨਾਮ-ਅਭਿਆਸਿਆਂ ਨੂੰ ਸਿਮਰਨ-ਸਹਿਜ-ਹੁਲਾਰੇ ਬਖ਼ਸ਼ਦੇ ਹਨ। ਦੂਰ ਦੁਰਾਡੇ ਤਕ ਚਾਰ ਚੁਫੇਰੇ ਸੁੰਦਰ ਤੇ ਰਮਣੀਕ ਪਹਾੜੀਆਂ ਦੇ ਕੁਦਰਤੀ ਨਜ਼ਾਰੇ, ਕਾਦਰ ਦੀ ਕਾਰੀਗਰੀ ਦੀ ਅਸਚਰਤਾ ਵਿਚ ਮਗਨ ਕਰਦੇ ਹਨ ਅਤੇ ਮਨ ਆਪ-ਮੁਹਾਰੇ ਨਾਮ-ਹੁਲਾਰਿਆਂ ਤੇ ਨਾਮ-ਤਰੰਗਾਂ ਵਿਚ ਮਗਨ ਹੋ ਜਾਂਦਾ ਹੈ।

ਐਤਕੀ ਭਾਈ ਸਾਹਿਬ ਬਾਵਾ ਸਿੰਘ ਜੀ ਦਾ ਨੇਮਿਆ ਹੋਇਆ ਸਮਾਗਮ ੨ ਤੋਂ ੪ ਜੁਲਾਈ ਨੂੰ ਅਦੁਤੀ ਤੇ ਅਨੋਖੀ ਚੜ੍ਹਦੀ ਕਲਾ ਵਿਚ ਹੋਇਆ। ਸ੍ਰੀ ਅਖੰਡ ਪਾਠ, ਚੜ੍ਹਦੀ-ਕਲਾ ਦਾ ਕੀਰਤਨ, ਬੇਸ਼ੁਮਾਰ ਸੰਗਤਾਂ ਦੇ ਦਰਸ਼ਨ, ਅੰਮ੍ਰਿਤ-ਸਿੰਚਾਰ ਅਤੇ ਗੁਰੂ ਕਾ ਅਤੁੱਟ ਲੰਗਰ ਆਦਿ ਸਤਿਗੁਰੂ ਨੇ ਆਪ ਕਲਾ ਵਰਤਾ ਕੇ ਰੰਗਾਂ ਵਿਚ ਨਿਭਾਇਆ। ਪਿਛਲੇ ਸਾਲਾਂ ਨਾਲੋਂ ਇਹ ਸਮਾਗਮ ਬਹੁਤ ਵਧ ਚੜ੍ਹ ਕੇ ਚੜ੍ਹਦੀ ਕਲਾ ਵਿਚ ਹੋਇਆ। ਭਾਵੇਂ ਅਖੰਡ ਕੀਰਤਨੀ ਜੱਥੇ ਦੇ ਮੋਢੀ ਕੀਰਤਨੀਏ ਭਾਈ ਮਹਿੰਦਰ ਸਿੰਘ ਜੀ S.D.O. ਭਾਈ ਜੋਗਿੰਦਰ ਸਿੰਘ ਜੀ ਅਤੇ ਬੀਬੀ ਹਰਸ਼ਰਨ ਕੌਰ ਜੀ ਜਲੰਧਰ ਆਦਿ ਦੇ ਦਰਸ਼ਨ ਨਹੀਂ ਹੋਏ, ਪਰ ਫਿਰ ਵੀ ਗੁਰੂ ਮਹਾਰਾਜ ਨੇ ਐਸੀ ਕਲਾ ਵਰਤਾਈ ਕਿ ਕੀਰਤਨ ਅਜਿਹੇ ਰੰਗਾਂ ਤਰੰਗਾਂ ਵਿਚ ਹੋਏ ਕਿ ਭਾਈ ਸਾਹਿਬ ਦੇ ਸਮੇਂ ਦੇ ਕੀਰਤਨ

---

[੩੬ ਸਫੇ ਦੀ ਬਾਕੀ]

ਹੋ ਰਿਹਾ ਹੈ ਅਤੇ ਸਿਖ ਪਰੰਪਰਾਵਾਂ ਦੀ ਬੇਅਦਬੀ ਵਧਦੀ ਜਾ ਰਹੀ ਹੈ। ਇਸ ਸਮੇਂ ਤਾਂ ਦਾੜ੍ਹੀ-ਕਤਰੇ ਤੇ ਪਤਿਤ ਸਿਖਾਂ ਦੀ ਪ੍ਰਤੀਨਿਧਤਾ ਪਰਮਾਣਿਤ ਹੈ। ਸਾਡੇ ਬਹੁਤੇ ਲੀਡਰਾਂ ਤੇ ਧਾਰਮਕ ਬੁਲਾਰਿਆਂ ਵਿਚੋਂ ਕਿਸੇ ਦਾ ਪੁੱਤਰ, ਕਿਸੇ ਦਾ ਪੋਤਰਾ, ਕਿਸੇ ਦੀ ਲੜਕੀ, ਕਿਸੇ ਦਾ ਭਰਾ ਜਾਂ ਹੋਰ ਕੋਈ ਰਿਸ਼ਤੇਦਾਰ ਕਲੀਨ-ਸ਼ੇਵ ਹੈ। ਅਜਿਹੀ ਹਾਲਤ ਵਿਚ ਇਹਨਾਂ ਦੇ ਲੈਕਚਰਾਂ ਦਾ ਕੀ ਪਰਭਾਵ ਪਵੇਗਾ ? ਲੋੜ ਇਸ ਗੱਲ ਦੀ ਹੈ ਕਿ ਅਜਿਹੇ ਬੁਲਾਰਿਆਂ ਦੇ ਲੈਕਚਰਾਂ ਦਾ ਬਾਈਕਾਟ ਕੀਤਾ ਜਾਏ। ਕੋਈ ਸਿਖ ਸਕੂਲ, ਸਿਖ ਸੰਸਥਾ, ਅਦਾਰਾ ਜਾਂ ਸਨਅਤਕਾਰ ਕਿਸੇ ਪਤਿਤ ਸਿਖ ਨੂੰ ਮੁਲਾਜ਼ਮ ਨਾ ਰਖੇ। ਕੋਈ ਗਰੰਥੀ ਰਾਗੀ ਕਿਸੇ ਪਤਿਤ ਦੇ ਘਰ ਪਾਠ ਜਾਂ ਕੀਰਤਨ ਨ ਕਰੇ। ਕੋਈ ਪਰਬੰਧਕ ਕਿਸੇ ਪਤਿਤ ਦੇ ਕਿਸੇ ਸਮਾਗਮ ਵਿਚ ਸ਼ਾਮਲ ਨਾ ਹੋਵੇ। ਗੁਰਦਵਾਰੇ ਵਿਚ ਕਿਸੇ ਪਤਿਤ ਦਾ ਅਨੰਦ ਕਾਰਜ ਨਾ ਹੋਵੇ ਅਤੇ ਕਿਸੇ ਪਤਿਤ ਦੇ ਅਨੰਦ ਕਾਰਜ ਵਿਚ ਕੋਈ ਰਾਗੀ, ਗਰੰਥੀ, ਧਾਰਮਕ ਆਗੂ ਤੇ ਪ੍ਰਬੰਧਕ ਸ਼ਾਮਲ ਨ ਹੋਵੇ। ਗੱਲ ਕੀ, ਪਤਿਤ ਸਿਖਾਂ ਦਾ ਸਮਾਜੀ ਬਾਈਕਾਟ ਕੀਤਾ ਜਾਏ ਤਾਂ ਸਿਖੀ ਸਰੂਪ ਦੀ ਮਹੱਤਤਾ ਵਧੇਗੀ ਅਤੇ ਵਿਗੜ ਰਹੀ ਸਥਿਤੀ ਨੂੰ ਠਲ੍ਹ ਪੈ ਸਕੇਗੀ। —੦—



www.AKJ.Org

ਦੀ ਯਾਦ ਤਾਜ਼ਾ ਹੋ ਗਈ, ਜੱਥੇ ਦੇ ਸਭ ਤੋਂ ਪੁਰਾਣੇ ਸੇਵਾਦਾਰ ਮਾਨਜਵਰ ਬਾਊ ਮਲ ਸਿੰਘ ਜੀ ਨੇ ਉਮਰ ੯੭ ਸਾਲ ਵਿਚ ਵੀ ਕਮਜ਼ੋਰ ਸਿਹਤ ਦੀ ਪਰਵਾਹ ਨਾ ਕਰਦਿਆਂ ਹੋਇਆਂ ਸਮਾਗਮੇ ਵਿਚ ਹਾਜ਼ਰੀਆਂ ਭਰੀਆਂ। ਸਾਰੀਆਂ ਸੰਗਤਾਂ ਉਨ੍ਹਾਂ ਨੂੰ ਵੇਖ ਕੇ ਅਤਯੰਤ ਖੁਸ਼ ਹੋਈਆਂ ਅਤੇ ਉਨ੍ਹਾਂ ਦੀ ਸਿਹਤ ਲਈ ਅਰਦਾਸ ਕੀਤੀ। ਭਾਈ ਚਰਨਜੀਤ ਸਿੰਘ ਜੀ, ਜਿਸ ਨੂੰ ਭਾਈ ਬਾਵਾ ਸਿੰਘ ਜੀ ਆਪ ਨੀਯਤ ਕਰ ਗਏ ਸਨ, ਉਨ੍ਹਾਂ ਜੀ ਥਾਂ ਖੂਬ ਸੇਵਾ ਨਿਭਾ ਰਹੇ ਹਨ। ਗੁਰਦੁਆਰਾ ਤਪੋਬਨ ਦਾ ਪਰਬੰਧ ਤੇ ਸੇਵਾ ਸੰਭਾਲ ਭਾਈ ਸਾਹਿਬ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਅਤੇ ਭਾਈ ਸਾਹਿਬ ਇੰਦਰ ਸਿੰਘ ਜੀ ਸ਼ਿਮਲਾ ਜ਼ਿਮੇਵਾਰੀ ਨਾਲ ਨਿਭਾਉਣਗੇ। ਕਰਨਲ ਮੇਹਰ ਸਿੰਘ ਜੀ ਗਰੇਵਾਲ ਇਸ ਪਰਬੰਧ ਵਿਚ ਪੂਰੀ ਮਿਲਵਰਤਣ ਦੇਣਗੇ ਅਤੇ ਇਥੇ ਛੇਤੀ ਤੋਂ ਛੇਤੀ ਪਾਣੀ ਪਹੁੰਚਾਉਣ ਵਾਸਤੇ ਪੂਰਾ ਪੂਰਾ ਜਤਨ ਕਰਨਗੇ।

ਇਸ ਅਸਥਾਨ ਦੇ ਪਰਬੰਧ ਵਾਸਤੇ ਟ੍ਰਸਟ ਨੂੰ ਪੱਕੇ ਤੌਰ ਤੇ ਛੇਤੀ ਹੀ ਰਜਿਸਟਰ ਕਰਾਉਣ ਲਈ ਉਦਮ ਕੀਤਾ ਜਾ ਰਿਹਾ ਹੈ ਅਤੇ ਇਸ ਗੁਰਦੁਆਰੇ ਦੀ ਖਿਲਰੀ ਪੁਲਰੀ ਮਾਇਆ ਨੂੰ ਇਕੱਠਿਆਂ ਕਰ ਕੇ ਗੁਰਦਵਾਰਾ ਤਪੋਬਨ ਦੇ ਨਾਂ ਹੇਠ ਕੁਮਾਰਹੱਟੀ ਦੇ ਬੈਂਕ ਵਿਚ ਜਮ੍ਹਾ ਕਰਵਾ ਦਿਤਾ ਜਾਏਗਾ।

ਇਸ ਅਸਥਾਨ ਦੀ ਖ਼ਾਸ ਮਹੱਤਤਾ ਇਹ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ, ਬਾਊ ਮਲ ਸਿੰਘ ਜੀ ਅਤੇ ਹੋਰ ਕੋਈ ਰੰਗਲੇ ਸਜਣਾਂ ਨੇ ਕਾਫ਼ੀ ਕਾਫ਼ੀ ਸਮਾਂ ਇਥੇ ਰਹਿ ਕੇ ਭਜਨ ਬੰਦਗੀ ਤੇ ਸਿਮਰਨ ਤਪ ਕੀਤਾ ਹੈ। ਸਤਿਗੁਰੂ ਮਿਹਰ ਕਰਨ ਕਿ ਇਹ ਅਸਥਾਨ ਗੁਰਸਿਖਾਂ ਦੇ ਸਿਮਰਨ ਤਪ ਲਈ ਸਦਾ ਕਾਇਮ ਰਹੇ।

## (੨)

ਹੇਠਾਂ ਇਕ ਚਿਠੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਕੁਮਾਰਹੱਟੀ ਤੋਂ ਲਿਖੀ ਹੋਈ ਦਿਤੀ ਜਾ ਰਹੀ ਹੈ, ਜੋ ਉਨ੍ਹਾਂ ਨੇ ੧੧ ਮਈ ੧੯੪੫ ਨੂੰ ਪ੍ਰੋਫੈਸਰ ਠਾਕਰ ਸਿੰਘ ਜੀ ਜੋਗੀ ਵਲ ਲਿਖੀ ਸੀ। ਇਸ ਪਤਰਕਾ ਵਿਚ ਕੁਮਾਰ ਹੱਟੀ ਦੇ ਅਨੰਦ-ਮਈ ਵਾਤਾਵਰਨ ਦਾ ਜੋ ਨਕਸ਼ਾ ਚਿਤਰਿਆ ਹੋਇਆ ਹੈ, ਉਹ ਪਾਠਕ ਜੀ ਆਪ ਹੀ ਪੜ੍ਹ ਕੇ ਰਸ ਮਾਣ ਸਕਦੇ ਹਨ।

ੴ
ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਹ॥

ਕੁਮਾਰ ਹੱਟੀ ੧੧.੫.੪੫

ਮੇਰੇ ਪਰਮ ਪਿਆਰੇ ਜੋਗੀ ਰਾਜ ਦਿਲਰਾਜ਼, ਜੀਅ-ਮਨ-ਤਨ-ਪ੍ਰਾਨ ਬਿਰਾਰੇ ਰਾਜ ਜੋਗ ਅਧਿਰਾਜੇ, ਸ੍ਰੀਯੁਤ ਪਿਆਰੇ ਠਾਕਰ ਸਿੰਘ ਜੀਓ!

ਆਪ ਜੀ ਨੂੰ ਯਾਦ ਕਰਦੇ ਹੋਏ, ਆਪ ਦੀ ਯਾਦ ਸੇਤੀ ਦਿਲ ਸ਼ਾਦ ਕਰਦੇ ਹੋਏ ਅਸੀਂ ਕੁਸ਼ਲ ਅਨੰਦ ਸਹਿਤ, ਕੁਮਾਰ ਹੱਟੀ ਆਣ ਪੁਜੇ ਹਾਂ। ਆਉਣ ਸਾਰ ਹੀ ਤਣਾਵਾਂ ਗਡੀਆਂ ਗਈਆਂ। ਰੁਤ ਜੋਬਨੀ ਹੁਸਨ ਬਹਾਰ, ਏਥੇ ਅਗੇ ਨਾਲੋਂ ਕਈ ਗੁਣਾਂ ਅਧਿਕ ਸੁਹਾਵਨੀ ਖਿੜੀ ਹੋਈ ਹੈ। ਮਿਠੀ ਮਿਠੀ ਗੁਲਾਬੀ ਠੰਢ ਵੀ ਪਿਛਲੇ ਸਾਲਾਂ ਨਾਲੋਂ ਵਧੀਕ ਠੰਡੇਰੀ ਹੈ। ਆਣ ਮਲਗਾਰ ਹਟੀਆਂ ਮਲੀਆਂ ਹਨ। ਆਉਣ ਸਾਰ ਹੀ ਅਰਸ਼ ਪ੍ਰਵਾਜ਼ੀ, ਗੀਧੀਆਂ ਤੇ ਗਿਝੀਆਂ ਹੋਈਆਂ, ਆਤਮ ਬਿਰਤੀਆਂ, ਸਹਿਜ ਹੁਲਾਰਿਆਂ ਦੀਆਂ ਪੀਂਘਾਂ ਝੂਟਣ ਲਗ ਪਈਆਂ। ਬਿਨ ਛੇੜੇ ਹੀ, ਲਿਵ ਲੋਰ ਤਰੰਗਾਂ ਛਿੜ ਪਈਆਂ ਤੇ ਅਜ ਤਾਈਂ ਛਿੜੀਆਂ ਹੀ ਰਹੀਆਂ ਹਨ। ਹੁਣ ਦਹਿਦੂਣੇ ਰੰਗਾਂ ਨੂੰ ਉਮਾਹ ਰਹੀਆਂ ਹਨ। ਲਹਿਰਾਂ ਲਹਿਰਾਅ ਰਹੀਆਂ ਹਨ। ਲਹਿਰ ਬਹਿਰਾਂ ਹੋਇ ਰਹੀਆਂ ਹਨ। ਅਮੀ ਰੈਨਾਇਰ ਛਲਕਾਂ ਮਾਰ ਰਿਹਾ ਹੈ। ਰਸ ਜੋਤਿ ਡਲਕਾਂ ਡਲਕ ਰਹੀਆਂ ਹਨ। ਅਭਿਆਸ ਬਿਲੋਵਨੇ, ਈਟੀ ਨੇਤਰੇ-ਬਿਹੂਣ ਹੀ, ਆਪ-ਮੁਹਾਰੇ ਬਿਲੋਏ ਜਾ ਰਹੇ ਹਨ। ਜਿਉਂ ਜਿਉਂ ਸਹਿਜ ਹੁਲਾਰੇ ਆਉਂਦੇ ਹਨ ਤਿਉਂ ਤਿਉਂ ਨਾਮ ਤਾਰ-ਪਰੋਤੇ ਪਿਆਰੇ ਦੇ ਯਾਦ ਮਲਗਾਰੇ, ਮਹਿਕ ਰਹੇ ਹਨ। ਸੋ ਭੀ ਅਤਿ ਸੁਖਦਾਇਕ ਅਨੰਦਦਾਈ ਹਨ। ਲੋਰ ਹਿਲੋਰਿਆਂ ਨੂੰ ਬੀਜਨ ਤੋਰਿਆਂ ਵਿਚ ਤੋਰਨ ਲਈ ਮਿਕਨਾਤੀਸੀ ਰਸਾਇਣ ਕਲਾ ਉਪਜਾ ਰਹੇ ਹਨ। ਮਾਨੋ ਆਤਮ ਉਡਾਰੀਆਂ



www.AKJ.Org

ਨੂੰ ਨਵ ਜੋਬਨੇ ਰੰਗ ਲਾ ਰਹੇ ਹਨ। ਚਲੂਲੇ ਰੰਗਾਂ ਅੰਦਰ ਅਮਿਉ ਰਸਾਇਣੀ ਜਨਾਂ ਦੀ ਯਾਦਗਾਰ, ਬਿਰਤੀਆਂ ਦੇ ਚੜ੍ਹਾਉ ਵਿਚ ਅਟਕਾਰ ਨਹੀਂ, ਸਗੋਂ ਮਦਦਗਾਰ ਹੋ ਕੇ ਆਣ ਨਿਸਰੀ ਹੈ। ਕਰਤਾਰ ਹੀ ਕਰਤਾਰ ਦੀ ਗੁੰਜਾਰ ਗੂੰਜ ਰਹੀ ਹੈ। ਸਚ ਮੁਚ ਸਿਰੀ 'ਮਾਣਕ ਜੀ' ਦੇ ਅਖਾਣ ਅਨੁਸਾਰ, ਇਹ ਕੁਮਾਰ ਹੱਟੀ ਨਹੀਂ 'ਕਰਤਾਰ ਹਟੀ' ਹੁਇ ਜਗਮਗਾ ਰਹੀ ਹੈ। ਰੈਣ ਤਾਂ ਸੁਖਚੈਨੀ ਰੈਣ ਹੈ ਹੀ। ਐਤਕੀ ਦਿਨੀਅਰ ਭੀ, ਦਿਵਸ ਨੂੰ ਠਰੂਰ ਸੀਤਲਤਾ ਸੇਤੀ ਚੰਦਨਾ ਰਿਹਾ ਹੈ। ਐਤਕੀਂ ਮਾਖੀ 'ਰਾਮ ਕੀ ਮਾਖੀ' ਭੀ ਬਿਆਨਕਾਰੀ ਨਹੀਂ ਹੋਣੀ ਪਾਉਂਦੀ। ਆਪ ਦੀ ਸੀਤਲ, ਪਿਆਰਾਂ ਸਹਿਤ ਅਰਪੀ ਮਛਹਿਰੀ ਨੂੰ ਤਾਣ ਕੇ ਦਿਨ ਭਰ ਭਜਨ ਗੁਫਾ ਬਣਾ ਲਈਦਾ ਹੈ। ਅੰਦਰ ਬੈਠੇ, ਗੁਹਜ ਤਾੜੀਆਂ ਲਾ ਕੇ ਅਮਰ ਆਨੰਦੀ ਮਾਨਣੇ, ਮਾਣੀਦੇ ਹਨ। ਅਗੇ ਮਖੀਆਂ ਸਤਾਉਂਦੀਆਂ ਹੁੰਦੀਆਂ ਸਨ। ਹੁਣ ਤਾਂ ਮਛਹਿਰੀ ਨੇ ਮਖਹਿਰੀ ਦਾ ਅੱਤ ਭਲੇਰਾ ਕੰਮ ਦਿਤਾ ਹੈ। ਬੈਰਾਗਣ ਦੀ ਟੇਕ ਅਗੇ ਰਖ ਕੇ ਚਾਹੇ ਦਿਨ ਭਰ ਅੰਦਰ ਬੈਠੇ ਆਸਣ ਜਮਾਈ ਰਖੋ, ਕੋਈ ਭੀ ਚੁਕਤਾਈ, ਉਕਤਾਈ ਨਹੀਂ ਬਿਆਪਦੀ। ਰੈਣ ਸਮੇਂ ਤਾਂ ਮਛਹਿਰੀ ਦੀ ਲੋੜ ਹੀ ਨਹੀਂ ਪੈਂਦੀ, ਮੀਆਂ ਮਛਰਦੀਨ ਦਾ ਕਿਤੇ ਮੁਸ਼ਕ ਭੀ ਨੇੜੇ ਨਹੀਂ। ਬਰਸਾਤਾਂ ਹੋਈਆਂ ਤੇ ਕਿਧਰੋਂ ਭਿਣਕ ਹੋਇਆ, ਤਾਂ ਮਖਿਹਿਰੀਉਂ ਮਛਹਿਰੀ ਦਾ ਵਰਤਾਉ ਰੈਣ ਸਮੇਂ ਭੀ ਕੀਤਾ ਜਾਵੇਗਾ।

ਆਪ ਦੀਆਂ ਪਿਆਰ ਕੁਰਬਾਨੀਆਂ ਇਕ ਦੂੰ ਇਕ ਚੜ੍ਹਦੀਆਂ ਹਨ। ਮੈਨੂੰ ਅਜ ਹੀ ਐਥੇ ਆਇਆਂ ਨੂੰ ਪਹਿਲੀ ਵਾਰ ਵੀਰ ਗਜਿੰਦਰ ਸਿੰਘ ਨੇ, ਆਪ ਦੀ ਪਹੇਮ ਸੁਗਾਤ, ਚਿਤਕਬਰੀਏ ਸੁਰਮਈ ਪਜਾਮੇ ਨੂੰ, ਮੇਰੀਆਂ ਅੱਖੀਆਂ ਅਗੇ ਕੀਤਾ ਅਤੇ ਸਤਿਕਾਰਾਂ ਭਰੇ ਖ਼ਿਆਲ, ਖ਼ਿਆਲ ਕੇ ਦੋਹਾਂ ਹੱਥਾਂ ਤੇ ਉਸਾਰ ਕੇ, ਮੈਨੂੰ ਦਿਖਲਾਇਆ। ਦਿਖਾਉਣਹਾਰਾ ਭੀ ਕ੍ਰਿਤ ਕ੍ਰਿਤ ਹੋਇਆ (ਧੰਨ-ਪਿਆਰ, ਧੰਨ ਪਿਆਤ, ਮੁਖੋਂ ਅਲਾਵੇ) ਅਤੇ ਦੇਖਣਹਾਰੇ, ਪਿਆਰ ਮਜਨੂੰ ਦੀ ਤਾਂ ਗਹਿਣ ਗਤਿ ਨਹੀਂ ਕਹੀ ਜਾਂਦੀ। ਜੋਗੀਆਂ ਦੇ ਗਲੇ ਦਾ ਸ਼ਿੰਗਾਰ ਜਾਮਾ ਬਣਨਹਾਰਾ, ਸੁੰਦਰ ਪਾਰਚਾ, ਮੂੰ ਬਿਰਧੋਗੀ, ਦੇ ਲੱਕ ਲਤੀ ਪਾਉਣਹਾਰਾ ਪਜਾਮਾ ਬਣ ਗਿਆ। ਪਿਆਰ ਦੇ ਚੋਜ ਨਿਆਰੇ ਹਨ, ਅੱਤ ਅਨੂਠੇ ਹਨ। ਇਸ ਨੂੰ ਪਾਉਣ ਸਜਾਉਣ ਨੂੰ ਜੀਉ ਨਹੀਂ ਕਰਦਾ, ਦੇਖੀ ਜਾਣ ਨੂੰ ਹੀਅਰਾ ਹੁਲਸਾਇ ਰਹਿਆ ਹੈ। ਮੇਰੇ ਨੇਤਰਾਂ ਦੇ ਅੰਦਰ, ਅਜਬ ਨਮਾਇਸ਼ਗਾਹ ਬਣ ਗਈ। ਪ੍ਰੇਮ ਸੁਗਾਤੀ ਜਾਮਿਆਂ ਪਜਾਮਿਆਂ ਦੇ, ਢੇਰਾਂ ਦੇ ਢੇਰ ਲਗ ਗਏ। ਪਰ ਬੈਰਾਗੀ ਜੋਗੀ ਇਕੋ ਇਕ ਹੈ। ਹੁਣ ਹੁੱਬਾਂ ਉਠਦੀਆਂ ਹਨ ਕਿ ਕਦੇ ਆਪ ਇਤਵੱਲ ਪਿਆਰ ਭਰੀਆਂ ਜੋਗੀ-ਫੇਰੀਆਂ ਪਾਓ ਅਤੇ ਸਨਮੁਖ ਬੈਠ ਕੇ ਲਟਕ ਰੀਝਾਂ ਰੀਝਾਓ। ਇਹ ਹਸਰਤ ਭਰਿਆ ਖਿਆਲ ਨਹੀਂ, ਪ੍ਰੇਮ ਮਸੱਰਤ ਭਰਿਆ ਹੁੱਬ ਉਛਾਲਾ ਹੈ। ਦੂਰ ਦਰਸੀਆਂ ਨੂੰ ਦੂਰੀਆਂ ਕਿਥੇ? ਹਿਜਰ ਮਹਿਜੂਰੀਆਂ ਕਿਥੇ? ਸਦਾ ਦਰਸ ਨਿਕਟੂਰੀਆਂ ਦੇ ਛਾਂਦੇ ਭੁੰਚਣ-ਹਾਰਿਆਂ ਨੂੰ, ਵਸਲ ਮਖਮੂਰੀਆਂ ਦੇ ਨਸ਼ੇ ਚੜ੍ਹੇ ਰਹਿੰਦੇ ਹਨ। ਚਾਇ ਚਈਲੇ, ਨੂਰ ਠਰੂਰੀਆਂ ਨੂੰ, ਭਨਾਨ ਭਾਨ ਜ਼ਹੂਰੀਆਂ ਦੀਆਂ, ਰੰਗ ਤੇਜ਼ ਭਰਪੂਰੀਆਂ ਦੇ, ਮਜਨ ਹੁੰਦਿਆਂ, ਪਿਆਰ ਰੰਗੂਰੇ ਸਜਨਾਂ ਦੀਆਂ, ਯਾਦ ਡੁਬਕੀਆਂ ਦੇ ਚੁਪ ਚੁਪੋਲੇ, ਗਟਾਕ ਰਸਕ ਰਸਾਏ ਰਹਿੰਦੇ ਹਨ।

ਪਿਆਰੇ ਜੋਗੀ ਜੀਓ, ਇਕ ਦਿਨ ਆਵੇਗਾ ਅਤੇ ਜ਼ਰੂਰ ਆਵੇਗਾ ਕਿ ਆਪ ਭੀ ਪਰਮਾਤਮ ਮਹੀਤ ਸਮੁੰਦਰ ਅੰਦਰਿ, ਆਤਮ ਤਾਰੀਆਂ ਤੇ ਚੁਭ ਚੁਭਾਰੀਆਂ ਲਾਇਆ ਕਰੋਗੇ।

"ਸਚਾ ਗੁਣੀ ਨਿਧਾਨ ਤੂੰ ਪ੍ਰਭ ਗਹਿਰ ਗੰਭੀਰੇ।
ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ।"

ਸਤਿਗੁਰੂ ਆਪ ਨੂੰ ਸਦਾ ਸਰਸ਼ਾਰ, ਵੈਰਾਗ ਰੰਗਾਂ ਦੇ ਵਖਾਉ ਵਿਚ ਵਧਾਈ ਰੱਖਣ। ਏਹੀ ਜਿਗਰ ਅਸੀਸਾਂ, ਇਸ ਬਿਰਹੋਂ-ਰੀਝਾਣੇ ਦੀਆਂ ਹਨ। ਆਸ ਹੈ ਕਿ ਆਸ ਬੰਧਾਊ, ਦਰਸ ਧਰਵਾਸ ਬੰਧਾਊ, ਪਾਤੀ ਭੇਜ ਕੇ ਪਰਫੁਲਤ ਕਰੋਗੇ। ਸਿਰੀ ਬਾਬੂ ਜੀ ਵਲੋਂ ਕੋਈ ਵਾਈ ਧਾਈ? ਕਸ਼ਮੀਰ ਦੇ 'ਦੂਲੇ' ਖਿਚਾਂ ਪ੍ਰਬਲ ਪਾ ਰਹੇ ਹਨ। ਪਰ ਏਧਰਲੀ ਭੀ ਡੋਰੀ ਪ੍ਰਬਲ ਹੋ ਕੇ ਲਗੀ ਹੋਈ ਹੈ।

ਆਪ ਜੀ ਕੁਸਲ ਖੇਮ ਦਾ ਸਮਾਚਾਰ ਭੇਜਦੇ



www.AKJ.Org

ਰਹੋ ਜੀ। ਕੋਈ ਸ੍ਰੀ ਬਾਬੂ ਜੀ ਦੀ ਸੁੰਧਕ ਲਗੇ ਤਾਂ ਲਿਖਣੀ।

ਆਪ ਦਾ ਪਿਆਰਨੁਛਾਰਾ ਰਣਧੀਰ ਸਿੰਘ

( ੩ )

ਇਸ ਚਿੱਠੀ ਤੋਂ ਜਿਥੇ ਇਹ ਸਪੱਸ਼ਟ ਹੈ ਕਿ ਭਾਈ ਸਾਹਿਬ ਕਿਵੇਂ ਦਿਨ ਰਾਤ ਨਾਮ ਵਿਚ ਮਸਤ ਰਹਿ ਕੇ ਸੁਰਤ ਜੋੜੀ ਰਖਦੇ ਤੇ ਅਭਿਆਸ ਕਰਦੇ ਰਹਿੰਦੇ ਸਨ ਉਥੇ ਕੁਝ ਕੁਝ ਇਹ ਵੀ ਝਲਕਾਰੇ ਪੈਂਦੇ ਹਨ ਕਿ ਉਹ ਨਾਮ ਵਿਚ ਕਿਵੇਂ ਰੰਗੇ ਜਾਂਦੇ ਸਨ। ਕਿਵੇਂ ਮਛਹਿਰੀ ਵਿਚ ਦਿਨੇ ਮੱਖੀਆਂ ਤੋਂ ਬਚਾ ਕਰਦੇ ਹੋਏ, ਬੈਰਾਗਣ ਦੇ ਸਹਾਰੇ ਸਾਰਾ ਦ੍ਰਿਨ ਮਸਤੁਲ ਮਸਤ ਅਨੰਦ ਵਿਚ ਰਸ-ਭਿੰਨੇ ਹੁਲਾਰੇ ਲੈਂਦੇ ਰਹਿੰਦੇ ਸਨ।

ਭਾਈ ਸਾਹਿਬ ਜੀ ਦੀ ਸ਼ਬਦਾਵਲੀ ਆਪਣੀ ਹੀ ਹੈ। ਗੁਰਮਤਿ ਵਿਚ ਭਿਜੇ ਹੋਏ ਗੁਰਬਾਣੀ ਦੇ ਅਥਾਹ ਸ਼ਬਦ ਭੰਡਾਰ ਵਿਚੋਂ ਲਏ ਸ਼ਬਦ ਹਨ ਜਾਂ ਫਿਰ ਆਪ ਜੀ ਨੇ ਆਪ ਸ਼ਬਦ ਘੜ ਲਏ ਹਨ। ਆਪ ਦੀਆਂ ਸਾਰੀਆਂ ਲਿਖਤਾਂ ਵਿਚੋਂ ਆਪ ਦੀ ਆਪਣੀ ਹੀ ਸ਼ਬਦਾਵਲੀ ਪਈ ਦਿਸਦੀ ਹੈ, ਜਿਸ ਨੂੰ ਗੁਰਬਾਣੀ ਦੇ ਅਭਿਆਸੀ ਤਾਂ ਸਮਝ ਸਕਦੇ ਹਨ ਪਰ ਕੇਵਲ ਸਾਹਿਤ ਵਿਚ ਵਰਤੀਂਦੀ ਅਜੋਕੀ ਸ਼ਬਦਾਵਲੀ ਨਾਲ ਹੀ ਪ੍ਰੀਚਤ ਸਜਣਾਂ ਲਈ ਇਸ ਨੂੰ ਪੂਰਾ ਸਮਝਣਾ ਔਖਾ ਹੈ। ਭਾਵੇਂ ਸ਼ਬਦ ਗੁਰਬਾਣੀ ਵਿਚ ਹਨ ਜਾਂ ਆਪਣੇ ਘੜੇ ਹੋਏ, ਵਿਆਕਰਣ ਦੀ ਕਿਧਰੇ ਜ਼ਰਾ ਜਿੰਨੀ ਵੀ ਉਕਾਈ ਨਹੀਂ ਹੈ। ਸ਼ਬਦਾਂ ਦੀ ਬਣਤਰ ਤੇ ਉਨ੍ਹਾਂ ਦੀ ਵਰਤੋਂ ਇਕ ਖ਼ਾਸ ਵਿਉਂਤ ਅਨੁਸਾਰ ਹੈ, ਜਜ਼ਬਾ ਹੈ, ਰਵਾਨੀ ਹੈ, ਅਨੁਭਵ ਹੈ ਤੇ ਕਿਧਰੇ ਕਿਧਰੇ ਦਲੀਲ, ਤਰਕ ਤੇ ਫ਼ਿਲਾਸਫ਼ੀ ਵੀ ਹੈ। ਪਰ ਸਮੁੱਚੇ ਤੌਰ ਤੇ ਇਸ ਵਿਚ ਵੈਰਾਗ ਮਈ, ਰਸ ਭਿੰਨੀ, ਨਾਮ ਵਿਚ ਰੰਗੀ ਹੋਈ ਚਾਸ਼ਣੀ ਹੈ ਜੋ ਕਿ ਸੁਤੇ ਹੀ ਪਾਠਕ ਦੇ ਮਨ ਤੇ ਇਕ ਭਰਪੂਰ ਅਸਰ ਕਰਦੀ ਹੈ। ਆਮ ਪਾਠਕ ਤੇ ਭਾਈ ਸਾਹਿਬ ਤੋਂ ਉਕੇ ਹੀ ਨਾਵਾਕਫ਼ ਪਾਠਕ ਦੇ ਮਨ ਤੇ ਵੀ ਅਜੀਬ ਅਸਰ ਹੋਣਾ ਕੁਦਰਤੀ ਗੱਲ ਹੈ। ਜਿਨ੍ਹਾਂ ਪਿਆਰੇ ਜੋਗੀ ਰਾਜ, ਦਿਲਰਾਜ਼ ਜੀ ਨੂੰ ਇਹ ਚਿੱਠੀ ਲਿਖੀ ਗਈ ਹੈ ਉਨ੍ਹਾਂ ਦੇ ਤਨ ਮਨ ਵਿਚ ਕਿਤਨੀਆਂ ਝਰਨਾਟਾਂ ਛਿੜੀਆਂ ਹੋਣਗੀਆਂ, ਪਹਿਲੀ ਵੇਰ ਇਹ ਚਿੱਠੀ ਪੜ੍ਹ ਕੇ, ਇਸ ਦਾ ਅੰਦਾਜ਼ਾ ਕਠਨ ਹੈ। ਹੁਣ ਭੀ ਇਹ ਚਿੱਠੀ ਪੜ੍ਹ ਪੜ੍ਹਾ ਕੇ ਕਿਸੇ ਅਣਡਿੱਠੀ ਦੁਨੀਆ ਦੇ ਵਿਸਮਾਦੀ ਮੰਡਲ ਵਿਚ ਵਿਚਰਨ ਲਗ ਜਾਂਦੇ ਹਨ ਤੇ ਇੰਜ ਮਹਿਸੂਸ ਹੁੰਦਾ ਹੈ ਕਿ ਚਿੱਠੀ ਵਿਚ ਆਪ ਭਾਈ ਸਾਹਿਬ ਜੀ ਵਲੋਂ ਕੀਤੀ ਪੇਸ਼ੀਨਗੋਈ ਵਾਲੀ ਅਵਸਥਾ ਤੇ ਪੁਜ ਗਏ ਹਨ।

ਐਸੀਆਂ ਭਾਈ ਸਾਹਿਬ ਜੀ ਦੀਆਂ ਜੋ ਕੋਈ ਚਿੱਠੀਆਂ ਸਜਣਾਂ, ਮਿਤਰਾਂ ਗੁਰਮੁਖਾਂ ਤੇ ਰਾਜ ਜੋਗੀਆਂ ਨੂੰ ਲਿਖੀਆਂ ਹੋਣ, ਜਿਹੋ ਜਹੀ ਦਾ ਕਿ ਉਪਰ ਜ਼ਿਕਰ ਆਇਆ ਹੈ ਉਹ ਸਭ ਇਕ ਥਾਂ ਤੇ ਇਕੱਠੀਆਂ ਕਰਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਚਿੱਠੀਆਂ ਦੇ ਨਾਂ ਹੇਠ ਜਾਂ ਕਿਸੇ ਹੋਰ ਢੁਕਵੇਂ ਨਾਂ ਥਲੇ ਛਾਪ ਦੇਣੀਆਂ ਚਾਹੀਦੀਆਂ ਚਾਹੀਦੀਆਂ ਹਨ। ਹੁਣ ਤਾਂ ਇਹੋ ਜਹੀਆਂ ਚਿੱਠੀਆਂ ਇਕੱਠੀਆਂ ਹੋ ਸਕਣਗੀਆਂ, ਪਰ ਜਿਉਂ ਜਿਉਂ ਸਮਾਂ ਬੀਤ ਜਾਏਗਾ ਉਨ੍ਹਾਂ ਨੂੰ ਇਕ ਥਾਂ ਤੇ ਇਕੱਠਾ ਕਰਨਾ ਔਖਾ ਹੁੰਦਾ ਜਾਏਗਾ।

ਭਾਈ ਸਾਹਿਬ ਜੀ ਦੀਆਂ ਪੁਸਤਕਾਂ, ਟ੍ਰੈਕਟ ਤੇ ਇਹੋ ਜਿਹੀਆਂ ਚਿਠੀਆਂ 'ਗੁਰਮਤਿ ਸਾਹਿਤ' ਹੈ, ਪਰਮਾਰਥਕ ਤੇ ਆਤਮਕ ਸਾਹਿਤ ਹੈ ਜੋ ਕਿ ਪੜ੍ਹਨ ਵਾਲਿਆਂ ਨੂੰ ਗੁਰਬਾਣੀ ਦੀ ਸੋਝੀ ਦੇਂਦਾ ਹੈ, ਗੁਰੂ ਨਾਲ ਜੋੜਦਾ ਹੈ। ਗੁਰਬਾਣੀ ਦੀ ਸੋਝੀ, ਨਾਮ ਦੀ ਪ੍ਰਾਪਤੀ ਦੀ ਤਾਂਘ ਪੈਦਾ ਕਰਦਾ ਹੈ, ਜਿਸ ਦੀ ਕਮਾਈ ਦੁਆਰਾ ਕਿ ਪ੍ਰਾਣੀ 'ਨਾਮੀ' ਨਾਲ ਜਾ ਜੁੜਦਾ ਹੈ। ਉਸ ਨਾਮੀ ਨਾਲ ਜੋ ਕਿ ਅਨੰਤ ਹੈ, ਜਿਸ ਦੀ ਰਚਨਾ ਬੇਅੰਤ ਹੈ। ਜਿਸ ਦਾ ਇਹ ਸਾਰਾ ਪਸਾਰਾ ਹੈ ਜੋ ਕਿ 'ਸੰਕੋਚੇ ਤਉ ਨਾਨਕ ਏਕੈ'' ਹੋ ਜਾਂਦਾ ਹੈ। ਜਿਸ ਨੇ ਕਈ ਵੇਰ 'ਪਸਾਰੇ ਦਾ ਖੇਲ' ਕੀਤਾ ਤੇ ਕਈ ਵੇਰ ਇਸ ਖੇਲ ਨੂੰ ਸਮੇਟ ਕੇ ਮੁੜ ਇਕ ਹੋ ਗਿਆ।

[ ਪ੍ਰੋਫ਼ੈਸਰ ਪ੍ਰਕਾਸ਼ ਸਿੰਘ ਜੀ,
ਖ਼ਾਲਸਾ ਕਾਲਜ, ਅੰਮ੍ਰਿਤਸਰ ]



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਹੇਠ ਲਿਖੇ ਸਜਣਾਂ ਵਲੋਂ ਸੋ ਸੋ ਰੁਪਏ ਪੁਜੇ ਹਨ, ਜਿਨ੍ਹਾਂ ਦੀਆਂ ਰਕਮਾਂ ਬੈਂਕ ਵਿਚ ਜਮ੍ਹਾ ਕਰਾ ਕੇ ਪਾਠਕਾਂ ਦੇ ਨਾਵਾਂ ਦੀਆਂ ਐਫ. ਡੀਆਂ ਬਣਵਾ ਦਿਤੀਆਂ ਗਈਆਂ ਹਨ। ਹੇਠ ਇਨ੍ਹਾਂ ਪਾਠਕਾਂ ਦੇ ਨਾਂ, ਚਿਟ ਨੰਬਰ ਅਤੇ ਐਫ਼. ਡੀ. ਨੰਬਰ, ਸਣੇ ਤਰੀਕਾਂ ਦਿਤੇ ਜਾਂਦੇ ਹਨ :—

| | | | |
|---|---|---|---|
| 124. Sub. Maj. ਗੁਰਮੁਖ ਸਿੰਘ ਜੀ | (ਚਿਟ ਨੰ. 1740) | 204913/1289/76 | ਮਿਤੀ 22.7.76 |
| 125. ਸ: ਜੀਵਨ ਸਿੰਘ ਜੀ Architect | ( ,, 1744) | 204914/1290/76 | ,, |
| 126. ਸ. ਦਰਸ਼ਨ ਸਿੰਘ ਜੀ ਸੇਠੀ | ( ,, 1747) | 204915/1291/76 | ,, |
| 12 . ਸ. ਗੁਰਬਚਨ ਸਿੰਘ ਜੀ ਬੱਤਰਾ | ( ,, 1748) | 204916/1292/76 | ,, |
| 128. ਸ. ਪ੍ਰੀਤਮ ਸਿੰਘ ਜੀ ਸੇਠੀ | ( ,, 1750) | 204917/1293/76 | ,, |
| 129. ਸਰਦਾਰਨੀ ਭਾਗ ਸਿੰਘ ਜੀ | ( ,, 1751) | 204918/1294/76 | ,, |
| 130. ਅਜੀਤ ਕਲਾਥ ਸਟੋਰ | ( ,, 1752) | 204919/1295/76 | ,, |
| 131. ਸ. ਸੁਮੇਰ ਸਿੰਘ ਜੀ | ( ,, 1754) | 204920/1296/76 | ,, |
| 132. ਸ. ਗੁਰਚਰਨ ਸਿੰਘ ਜਗਜੀਤ ਸਿੰਘ | ( ,, 1756) | 204921/1297/76 | ,, |
| 133. ਸ. ਕਲਿਆਨ ਸਿੰਘ ਤੇਜ ਕੌਰ | ( ,, 1792) | 204922/1298/76 | ,, |
| 134. ਸ. ਰਘਬੀਰ ਸਿੰਘ ਅਮਰ ਕੌਰ | ( ,, 1794) | 204923/1299/76 | ,, |
| 135. ਸ. ਤਰੁਨਬੀਰ ਸਿੰਘ ਜੀ | ( ,, 547) | 204924/1300/76 | ,, |
| 136. W.O. ਮੁਖਤਾਰ ਸਿੰਘ ਜੀ | ( ,, 1381) | 204925/1301/76 | ,, |
| 137. ਸ. ਪ੍ਰਤਾਪ ਸਿੰਘ ਜੀ | ( ,, 1402) | 204926/1302/76 | ,, |
| 138. ਬੀਬੀ ਕੁਲਵੰਤ ਕੌਰ ਜੀ | ( ,, 1826) | 204927/1303/76 | ,, |
| 139. ਪੰਜਾਬ ਕੋਲ ਫ਼ੈਕਟਰੀ | ( ,, 1839) | 204928/1304/76 | ,, |
| 140. N/Sub. ਅਮੋਲਕ ਸਿੰਘ ਜੀ | ( ,, 1885) | 204929/1305/76 | ,, |
| 141. ਸ. ਕੰਵਰਜੀਤ ਸਿੰਘ ਜੀ | ( ,, 751) | 204940/1315/76 | 26.7.76 |

## ਰਿਸ਼ਤੇ ਨਾਤੇ—

ਲੋੜਵੰਦ ਸਜਣ ਚਿੱਠੀ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਲਿਖਣ ਅਤੇ ਐਡਰੈਸ ਦੇ ਉਪਰ ਫ਼ਾਰਮ ਨੰਬਰ ਜ਼ਰੂਰ ਲਿਖਣ।

ਫ਼ਾਰਮ ਨੰ: ੪੫—ਇਕ ੫੦ ਸਾਲਾ ਦੁਹਾਜੂ ਗੁਰਮੁਖ ਸਿੰਘ ਲਈ (ਜਿਸ ਦਾ ਇਕ ਲਖ ਰੁਪਇਆ ਬੈਂਕ ਵਿਚ ਜਮ੍ਹਾਂ ਹੈ) ਗੁਰਮੁਖ ਦੁਹਾਜੂ ਜੀਵਨ-ਸਾਥਣ ਦੀ ਲੋੜ ਹੈ।

ਫ਼ਾਰਮ ਨੰ: ੪੬—ਇਕ ੩੧ ਸਾਲਾ ਤਿਆਰ ਬਰ ਤਿਆਰ ਸਿੰਘ, ਮੈਟ੍ਰਿਕ ਪਾਸ ਕਦ ੫ ਫ਼ੁਟ ੧੧ ਇੰਚ, ਪ੍ਰਾਈਵੇਟ ਬਿਜਲੀ ਦਾ ਕੰਮ ਕਾਰ, ਮਾਸਕ ਆਮਦਨ ੫੦੦ ਰੁਪਏ ਲਈ ਗੁਰਮੁਖ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੪੭—ਇਕ ਅਠਾਰ੍ਹਾਂ ਸਾਲਾ ਤਿਆਰ ਬਰ ਤਿਆਰ ਬੀਬੀ ਕਦ ੫ ਫ਼ੁਟ, ਕੇਸਕੀ ਸਹਿਤ, ਨਿਤਨੇਮਣ, ਵਿਦਿਆ ਛੇਵੀਂ ਜਮਾਤ, ਘਰ ਦੇ ਕੰਮਕਾਜ ਵਿਚ ਨਿਪੁੰਨ, ਲਈ ਅੰਮ੍ਰਿਤਧਾਰੀ ਵਰ ਦੀ ਲੋੜ ਹੈ।

ਫ਼ਾਰਮ ਨੰ: ੪੮—ਇਕ ੩੦ ਸਾਲਾ ਅੰਮ੍ਰਿਤਧਾਰੀ ਦੁਹਾਜੂ ਬੀਬੀ, ਬੱਚਾ ਕੋਈ ਨਹੀਂ, ਕਦ ੫ ਫ਼ੁਟ, ਵਿਦਿਆ ਪੰਜਵੀਂ ਤਕ(ਬੈਂਕ ੧੧੦੦੦/-ਰੁਪਏ ਜਮ੍ਹਾ ਤੇ ੩ ਕਿਲੇ ਜ਼ਮੀਨ)ਲਈ,ਤਿਆਰ ਬਰ ਤਿਆਰ ਸਿੰਘ ਦੀ ਲੋੜ ਹੈ

ਫ਼ਾਰਮ ਨੰ: ੧—ਇਕ ੪੪ ਸਾਲਾ ਕੰਵਾਰਾ ਸਿੰਘ, ੨੦ ਕਿਲੇ ਜ਼ਮੀਨ ਦਾ ਮਾਲਕ, ਰੇਡੀਓ ਦੀ ਦੁਕਾਨ, ਮਾਸਕ ਆਮਦਨ ੫੦੦ ਰੁਪਏ ਲਈ ਜੀਵਨ ਸਾਥਣ ਦੀ ਲੋੜ ਹੈ।

www.AKJ.Org

# ਬਟਾਲਾ ਵਿਖੇ ਸਾਲਾਨਾ ਕੀਰਤਨ ਸਮਾਗਮ

## ੨੯ ਅਗਸਤ ਐਤਵਾਰ ਸਵੇਰ ਤੋਂ ੧ ਸਤੰਬਰ ੧੯੭੬ ਬੁਧਵਾਰ ਸਵੇਰ ਤਕ

ਪਿਛਲੇ ਸਾਲਾਂ ਵਾਂਗ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੇ ਸੰਬੰਧ ਵਿਚ ਬਟਾਲਾ ਜ਼ਿਲਾ ਗੁਰਦਾਸਪੁਰ ਵਿਚ ਸਾਲਾਨਾ ਕੀਰਤਨ ਸਮਾਗਮ ਹੋ ਰਹੇ ਹਨ। ਵਖ ਵਖ ਥਾਵਾਂ ਤੋਂ ਅਖੰਡ ਕੀਰਤਨੀ ਜੱਥੇ ਦਰਸ਼ਨ ਦੀਦਾਰ ਬਖ਼ਸ਼ ਕੇ ਨਿਹਾਲ ਕਰਨਗੇ। ਆਪ ਜੀ ਸਹਿਤ ਪਰਵਾਰ ਤੇ ਸਤਸੰਗੀਆਂ ਦੇ ਆਇ ਦੀਦਾਰ ਬਖ਼ਸ਼ੋ ਜੀ।

### ਪ੍ਰੋਗਰਾਮ

| | | |
|---|---|---|
| ੨੯ ਅਗਸਤ ਸਵੇਰੇ ੫ ਤੋਂ ੮ | ਕੀਰਤਨ ਅਤੇ ਅਰੰਭ ਸ੍ਰੀ ਅਖੰਡਪਾਠ | ਗੁਰਦੁਆਰਾ ਗੁਰੂ ਨਾਨਕ ਨਗਰ |
| ੩੦ ਅਗਸਤ ਸ਼ਾਮ ੮ ਤੋਂ ੧੨ | ਅਖੰਡ ਕੀਰਤਨ | ਗੁਰਦੁਆਰਾ ਕੰਧ ਸਾਹਿਬ |
| ੩੧ ਅਗਸਤ ਸਵੇਰੇ ੬ ਤੋਂ ੧੨ | ਭੋਗ ਸ੍ਰੀ ਅਖੰਡਪਾਠ ਅਤੇ ਕੀਰਤਨ | ਗੁਰਦੁਆਰਾ ਗੁਰੂ ਨਾਨਕ ਨਗਰ |

**ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ**—੩੧ ਅਗਸਤ ਮੰਗਲਵਾਰ ਸ਼ਾਮ ਨੂੰ ੮ ਵਜੇ ਰੈਣ ਸਬਾਈ ਕੀਰਤਨ ਅਰੰਭ ਹੋਵੇਗਾ, ਜਿਸ ਦਾ ਭੋਗ ੧ ਸਤੰਬਰ ਬੁਧਵਾਰ ੭-੩੦ ਸਵੇਰੇ ਪਵੇਗਾ। ਅੰਮ੍ਰਿਤ-ਸਿੰਚਾਰ ੩੧ ਅਗਸਤ ਸ਼ਾਮ ਨੂੰ ਚਾਰ ਵਜੇ ਸ਼ੁਰੂ ਹੋਵੇਗਾ।

ਨੋਟ:—ਸੰਗਤਾਂ ਦਾ ਉਤਾਰਾ ਗੁਰੂ ਨਾਨਕ ਨਗਰ ਨਰਸਰੀ ਸਕੂਲ ਵਿਖੇ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜੱਥਾ, ਜ਼ਿਲਾ ਗੁਰਦਾਸ ਪੁਰ

# ਅੰਬਾਲਾ ਛਾਉਣੀ ਵਿਖੇ ਸਾਲਾਨਾ ਕੀਰਤਨ-ਸਮਾਗਮ

## ੧੧ ਅਗਸਤ ਬੁਧਵਾਰ ਸਵੇਰ ਤੋਂ ੧੫ ਅਗਸਤ ੧੯੭੬ ਐਤਵਾਰ ਸਵੇਰ ਤਕ

ਹਰ ਸਾਲ ਵਾਂਗ ਅੰਬਾਲਾ ਛਾਉਣੀ ਵਿਖੇ ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜੱਥਿਆਂ ਵਲੋਂ ਸਾਲਾਨਾ ਪ੍ਰੋਗਰਾਮ ਅਨੁਸਾਰ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ ਹੋ ਰਹੇ ਹਨ। ਸਮੂੰਹ ਗੁਰਮੁਖ ਵੀਰਾਂ ਭੈਣਾਂ ਇਨ੍ਹਾਂ ਸਮਾਗਮਾਂ ਵਿਚ ਵਧ ਤੋਂ ਵਧ ਹਾਜ਼ਰੀਆਂ ਭਰ ਕੇ ਧੁਰ ਕੀ ਬਾਣੀ ਦੇ ਸਚੇ ਸੁਚੇ ਲਾਹੇ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

| | | |
|---|---|---|
| ੧੧ ਅਗਸਤ ਸਵੇਰੇ ੪॥ ਤੋਂ ੭ | ਕੀਰਤਨ ਅਤੇ ਅਰੰਭ ਸ੍ਰੀ ਅਖੰਡਪਾਠ | ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾ: |
| ੧੩ ਅਗਸਤ ਸਵੇਰੇ ੫ ਤੋਂ ਦੁਪਹਿਰ ਤਕ | ਭੋਗ ਸ੍ਰੀ ਅਖੰਡਪਾਠ ਤੇ ਕੀਰਤਨ | ,, ,, ,, |
| ਸ਼ਾਮ ੮ ਤੋਂ ੧੦ | ਸੋਦਰ ਦੀ ਚੌਕੀ | ਪੰਜਾਬੀ ਗੁਰਦੁਆਰਾ, ਅੰਬਾਲਾ ਛਾਉਣੀ |
| ੧੪ ਅਗਸਤ ਸਵੇਰੇ ੫ ਤੋਂ ੧੨॥ | ਅਖੰਡ ਕੀਰਤਨ ਆਸਾ ਦੀ ਵਾਰ | ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਜੀ. ਟੀ. ਰੋਡ |

**ਰੈਣ-ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ**—੧੪ ਅਗਸਤ ਰਾਤ ਨੂੰ ਅਠ ਵਜੇ ਰੈਣ ਸਬਾਈ ਕੀਰਤਨ ਗੁਰਦੁਆਰਾ ਗੋਬਿੰਦਨਗਰ, ਅੰਬਾਲਾ ਛਾਉਣੀ ਵਿਖੇ ਅਰੰਭ ਹੋਵੇਗਾ, ਜਿਸ ਦਾ ਭੋਗ ੧੫ ਅਗਸਤ ਸਵੇਰੇ ੬ ਵਜੇ ਪਵੇਗਾ। ਰੈਣ ਸਬਾਈ ਦੀ ਸਮਾਪਤੀ ਤੇ ਗੁਰਮਤਿ ਅਨੰਦ ਕਾਰਜ ਵੀ ਹੋਣਗੇ। ਅੰਮ੍ਰਿਤ-ਸਿੰਚਾਰ ੧੪ ਅਗਸਤ ਸ਼ਾਮ ਨੂੰ ਚਾਰ ਵਜੇ ਅਰੰਭ ਹੋਵੇਗਾ।

ਨੋਟ:—ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪਰਬੰਧ ਗੁਰਦੁਆਰਾ ਗੋਬਿੰਦ ਨਗਰ ਵਿਖੇ ਹੋਵੇਗਾ।

ਪੁਛ-ਗਿਛ—ਭਾਈ ਇੰਦਰ ਸਿੰਘ ਪ੍ਰਾਪਟੀ ਡੀਲਰ,
ਗੋਬਿੰਦ ਨਗਰ, ਅੰਬਾਲਾ ਛਾਉਣੀ

ਦਾਸਰੇ—
ਨਿਰਬਾਣ ਕੀਰਤਨੀ ਜੱਥਾ, ਅੰਬਾਲਾ ਛਾਉਣੀ

www.AKJ.Org